੧ੴ ਸਤਿਗੁਰ ਪ੍ਰਸਾਦਿ ॥

# ਹਿੰਦੂਧਰਮ ਅਤੇ ਗੁਰਮਤਿ

ਲੇਖਕ – ਕਿਰਪਾਲ ਸਿੰਘ 'ਚੰਦਨ'

## ਸੰਪਾਦਕ ਅਤੇ ਲੇਖਕ :

## ਸਰਦਾਰਾ ਸਿੰਘ

## ਪ੍ਰਕਾਸ਼ਕ

## "ਗੁਰਬਾਣੀ ਇਸੁ ਜਗ ਮਹਿ ਚਾਨਣੁ"

ਕ੍ਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਹਿੰਦੂਧਰਮ ਅਤੇ ਗੁਰਮਤਿ

ਲੇਖਕ – ਕਿਰਪਾਲ ਸਿੰਘ 'ਚੰਦਨ'

ਸੰਸਾਰ ਦੇ ਹੋਰ ਧਰਮਾਂ-ਈਸਾਈ, ਯਹੂਦੀ, ਪਾਰਸੀ, ਇਸਲਾਮ, ਬੁੱਧ ਮੌਤ ਤੇ ਸਿੱਖ ਧਰਮ ਦੀ ਤਰ੍ਹਾਂ ਹਿੰਦੂਧਰਮ ਦੀ ਕੋਈ ਇਕ ਪ੍ਰੀਭਾਸ਼ਾ ਲਭਣੀ (ਜਾਂ ਨਿਸਚਿਤ ਕਰਨੀ) ਇਕ ਮੁਸ਼ਕਿਲ ਗੱਲ ਹੈ, ਕਿਉਂਕਿ ਹਿੰਦੂਧਰਮ ਦੀ ਨਾ ਤਾਂ ਕੋਈ ਇਕ ਧਾਰਮਕ ਪੁਸਤਕ ਹੈ, ਨਾ ਕੋਈ ਇਸ ਦਾ ਅਰੰਭ ਕਰਨ ਵਾਲਾ ਵਿਅਕਤੀ ਹੈ ਨਾ ਹੀ ਇਸ ਦੀ ਕੋਈ ਇਕ ਮਰਯਾਦਾ ਹੈ ਅਤੇ ਨਾ ਹੀ ਇਸ ਦੀ ਕੋਈ ਇਕ ਵਿਚਾਰਧਾਰਾ ਹੈ, ਸਗੋਂ ਇਹ ਤਾ ਵਖੋ ਵਖ ਅਤੇ ਸਵੈ-ਵਿਰੋਧੀ ਵਿਚਾਰਧਾਰਾ ਦੀ ਖਿਚੜੀ ਹੀ ਹੈ। ਹਿੰਦੂਧਰਮ ਬਾਰੇ ਵਿਚਾਰ ਕਰਦਿਆਂ ਹੋਇਆਂ ਮੈਕਨਿਕਲ ਖਿਲਦਾ ਹੈ : 'ਇਸ ਪ੍ਰਸ਼ਨ ਦਾ ਉੱਤਰ ਕਿ ਹਿੰਦੂਧਰਮ ਦੇ ਕੀ ਅਰਥ ਹਨ? ਠੀਕ ਤੇ ਸਾਦੇ ਲਫਜ਼ਾਂ ਵਿਚ ਕਦੀ ਭੀ ਕੋਈ ਆਦਮੀ ਨਹੀਂ ਦੇ ਸਕੇਗਾ। ਇਸ ਨਾਉਂ ਕਾ ਕੋਈ ਅਜਿਹਾ ਇਕ ਮੱਤ ਨਹੀਂ, ਜਿਸ ਦੇ ਨਿਯਮ ਸਦਾ ਲਈ ਪੱਕੇ ਤੌਰ ਤੇ ਇਕ ਥਾਂ ਲਿਖੇ ਗਏ ਹੋਣ। ਇਸ ਧਰਮ ਦਾ ਕੋਈ ਦੇਹਧਾਰੀ ਬਾਨੀ ਨਹੀਂ, ਜਿਸ ਦੇ ਜਨਮ ਤੋਂ ਇਸ ਧਰਮ ਦਾ ਆਰੰਭ ਤੇ ਅਗੋਂ ਦਾ ਇਤਿਹਾਸ ਸਮਝ ਸਕੀਏ। ਇਸ ਨੂੰ ਇਕ ਧਰਮਾਂ ਦਾ ਇਕੱਠ ਜਾਂ ਧਰਮ-ਭੰਡਾਰ ਕਹਿ ਲਵੋ, ਪਰ ਇਹ ਧਰਮ ਨਹੀਂ ਹੈ। ਇਹ ਹਿੰਦੂਪਦ ਇਕ ਬੜਾ ਖੁਲ੍ਹਾ ਪਦ ਹੈ ਤੇ ਇਸ ਨੇ ਕਈ ਮਤ-ਮਤਾਂਤਰਾਂ ਦੀ ਖਿਚੜੀ ਨੂੰ ਅਪਣਾਇਆ ਹੋਇਆ ਹੈ। ਇਕ ਸਮਾਜਕ ਢਾਂਚੇ ਵਿਚ ਇਹ ਕਈ ਧਰਮਾਂ ਦਾ ਮਿਲ ਗੋਭਾ ਹੈ।" ਸਰ ਅਲਫ ਰੈਡ ਲਾਇਲ ਲਿਖਦੇ ਹਨ ਕਿ 'ਆਮ ਪ੍ਰਚਲਤ ਤੇ ਨੀਵੀਂ ਹਾਲਤ ਵਿਚ ਅਸੀਂ ਹਿੰਦੂਧਰਮ ਦਾ ਇਕ ਅਜਿਹੇ ਸਮੁੰਦਰ ਨਾਲ ਟਾਕਰਾ ਕਰ ਸਕਦੇ ਹਾਂ, ਜਿਸ ਦਾ ਨਾ ਕੋਈ ਕਿਨਾਰਾ ਤੇ ਨਾ ਕੋਈ ਸਿਰਾ ਹੈ, ਜਿਸ ਦਾ ਪਾਣੀ ਅਕਹਿ ਤੇ ਅਣਗਿਣਤ ਜ਼ੋਰ ਵਾਲੀਆਂ ਹਨ੍ਹੇਰੀਆਂ ਵਿਚ ਉਪਰ-ਥਲੇ ਤੇ ਥਾਂ-ਕੁਥਾਂ ਹੋ ਰਿਹਾ ਹੈ।" ਸਰ ਰਾਧਾ ਕ੍ਰਿਸ਼ਨਨ ਆਪਣੀ ਪੁਸਤਕ 'ਇੰਡੀਅਨ ਫਿਲਾਸਫੀ' ਵਿਚ ਲਿਖਦੇ ਹਨ ਕਿ "ਹਿੰਦੂਪਦ ਤਾਂ ਭਾਂਤ ਭਾਂਤ ਦੀਆਂ ਫਿਲਾਸਫੀਆਂ, ਭਿੰਨ ਭਿੰਨ ਧਰਮਾਂ, ਪੁਰਾਣਾਂ ਤੇ ਕਈ ਤਰ੍ਹਾਂ ਦੇ ਜਾਦੂ-ਟੂਣਿਆਂ ਦੇ ਅਰਥ ਦੇਣ ਲਗ ਪਿਆ ਹੈ।"

**'ਹਿੰਦੂ' ਧਰਮ ਦੇ ਅਰਥ:–** ਹਿੰਦੂਸਬਦ ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਬਹੁਤ ਮਤਭੇਦ ਹਨ। ਆਰੀਆ ਸਮਾਜੀ ਤਾਂ ਇਸ ਨੂੰ ਇਕ ਘ੍ਰਿਣਤ ਸ਼ਬਦ ਸਮਝਦੇ ਹਨ। ਉਹ ਹਿੰਦੂਪਦ ਦੀ ਥਾਂ ਉਤੇ ਆਰੀਆ (ਆਰਥ) ਪਦ ਵਰਤਣ ਉਤੇ ਜ਼ੋਰ ਦਿੰਦੇ ਹਨ। ਕਈ ਕਹਿੰਦੇ ਹਨ ਕਿ ਸੋਧ ਵਾਦੀ ਵਿਚ ਵਸਣ ਵਾਲੇ ਲੋਕਾਂ ਲਈ ਹੀ ਹਿੰਦੂਪਦ ਵਰਤਿਆ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼ ਵਿਚ' (ਪੰਨਾ 275) ਲਿਖਿਆ ਹੈ ਕਿ "ਅਰਬੀ-ਫਾਰਸੀ ਕੇ ਕਵੀਆਂ ਨੇ ਚੋਰ, ਗੁਲਾਮ ਅਤੇ ਕਾਲ ਲਈ ਵੀ ਹਿੰਦੂਸ਼ਬਦ ਵਰਤਿਆ ਹੈ।" ਪ੍ਰਸਿੱਧ ਭਾਰਤੀ-ਫਿਲਾਸਫਰ ਡਾ: ਰਾਧਾ ਕ੍ਰਿਸ਼ਨਨ ਹਿੰਦੂਸ਼ਬਦ ਬਾਰੇ ਲਿਖਦੇ ਹਨ "ਕਈਆਂ ਨੂੰ ਤਾਂ ਇਹ ਹਿੰਦੂਪਦ ਅਜਿਹੀ ਸ਼ੈਅ ਦਾ ਨਾਉਂ ਜਾਪਦਾ ਹੈ, ਜਿਸ ਧਰਮ ਦੀ ਹੋਂਦਾ ਹੀ ਨਹੀਂ ਹੈ। ਇਕ ਅਭਾਵ (ਅਰਥ-ਹੀਣ ਵਸਤੂ ਦਾ ਨਾਂ ਹੈ। ਕੀ

ਇਹ ਮਨੁੱਖ ਦੇ ਨਿਸ਼ਚਿਆਂ ਦਾ ਮਿਲ-ਗੋਭਾ ਅਥਵਾ ਘਚੋਲ ਚੌਦੇ ਹੀ ਹੈ, ਜਾਂ ਰੀਤਾਂ ਰਸਮਾਂ ਦਾ ਭੀੜ ਭੜੱਕਾ, ਜਾਂ ਇਕ ਐਵੇਂ ਖਾਕਾ ਜਾਂ ਕੋਈ ਭੂਗੋਲ ਦੀ ਇਸਤਲਾਹ। ਇਸ ਪਦ ਦੇ ਅਰਥ ਸਮੇਂ ਸਮੇਂ, ਵਖ- ਵਖ ਜ਼ਾਤੀਆਂ ਤੇ ਸੁਭਾਵਾਂ ਦੇ ਮੁਤਾਬਿਕ ਬਦਲਦੇ ਆਏ ਹਨ। ਕਦੇ ਇਸ ਪਦ ਅਰਥ ਕੁਝ ਤੇ ਕਦੇ ਕੁਝ। ਵੇਦਾਂ ਦੇ ਸਮੇਂ ਇਸ ਪਦ ਦੇ ਅਰਥ ਹੋਰ ਸਨ, ਬ੍ਰਾਹਮਣ ਗ੍ਰੰਥਾਂ ਵਿਚ ਹੋਰ ਤੇ ਬੁੱਧ ਧਰਮ ਵੇਲੇ ਹੋਰ। ਹੁਣ ਭੀ ਹਿੰਦੂਪਦ ਦੇ ਅਰਥ ਇਕ ਵੈਸ਼ਨੋ ਨੂੰ ਪੁਛੋ ਤਾਂ ਕੁਝ ਹੋਰ ਦਸੇਗਾ, ਸ਼ਿਵ ਜੀ ਦਾ ਉਪਾਸ਼ਕ ਕੁਝ ਹੋਰ ਤੇ ਸ਼ਕਤੀ ਮਾਈ ਨੂੰ ਪੂਜਣ ਵਾਲਾ ਕੁਝ ਹੋਰ ਹੀ ਅਰਥ ਕਰੇਗਾ।”

**(The Hindu View of Life, P-12, &**
**Indian Philosophy, Vol. I, P-92)**

ਇੰਝ ਹਿੰਦੂਲਫ਼ਜ਼ ਦੇ ਕੋਈ ਵਿਸ਼ੇਸ਼ ਅਰਥ ਨਾ ਹੋਣ ਕਰ ਕੇ ਹੀ ‘ਐਨਸਾਈਕਲੋ-ਪੇਡੀਆ ਐਂਡ ਐਥਿਕਸ’ ਵਿਚ ਹਰ ਇਕ ਧਰਮ, ਮਜ਼ਹਬ ਤੇ ਮਤ-ਮਤਾਂਤਰ ਦੀ ਪ੍ਰੀਭਾਸ਼ਾ ਤਾਂ ਹੈ, ਪਰ ਹਿੰਦੂਪਦ ਦੀ ਪ੍ਰੀਭਾਸਾ ਨਹੀਂ ਲਭਦੀ।

ਹਿੰਦੂਧਰਮ ਦੀ ਕਿਸੇ ਨਿਸਚਿਤ ਭਾਸ਼ਾ ਦੀ ਅਣਹੋਂਦ ਵਿਚ ਅਜ ਵੇਦਾਂ ਸ਼ਾਸਤਰਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਸਿਮਰਤੀਆਂ ਦੇ ਵਿਚਾਰਾਂ ਉਤੇ ਅਧਾਰਿਤ ਮੱਤ ਮਤਾਂਤਰਾਂ ਦੇ ਸਮੂਹ ਨੂੰ ਹੀ ਹਿੰਦੂਧਰਮ ਕਿਹਾ ਜਾਂਦਾ ਹੈ।

**ਹਿੰਦੂਧਰਮ ਦਾ ਸੰਖੇਪ ਇਤਿਹਾਸ** : – ਹਿੰਦੂਧਰਮ ਦਾ ਆਰੰਭ ਵੇਦਾਂ ਦੇ ਸਮੇਂ ਤੋਂ ਮੰਨਿਆਂ ਜਾਂਦਾ ਹੈ। ਵੇਦ 15●● ਈ. ਪੂਰਵ (B.C. ) ਤੋਂ 6●● ਈ : ਪੂਰਵ ਦੇ ਸਮੇਂ ਵਿਚ ਲਿਖੇ ਗਏ ਸਨ। ਇੰਝ ਹਿੰਦੂ-ਧਰਮ ਦਾ ਇਤਿਹਾਸ 35●● ਸਾਲਾਂ ਦਾ ਹੋ ਨਿਬੜਦਾ ਹੈ। ਇਸ ਲੰਬੇ ਅਰਸੇ ਵਿਚ ਇਹ ਧਰਮ ਮੁਖ ਤੌਰ ਤੇ ਪੰਜ ਪੜਾਵਾਂ ਵਿਚੋਂ ਹੋ ਗੁਜ਼ਰਿਆ ਹੈ : ਉਹ ਹਨ- ਸਰੁਤੀ ਕਾਲ, ਸਿਮਰਤੀ ਕਾਲ, ਦਰਸ਼ਨ ਕਾਲ, ਭਗਤੀ ਕਾਲ ਤੇ ਆਧੁਨਿਕ ਪੁਨਰ-ਜਾਗ੍ਰਤੀ ਦਾ ਕਾਲ। ਇਨ੍ਹਾਂ ਦਾ ਸੰਖੇਪ ਵਰਣਨ ਇਸ ਪਰਕਾਰ ਹੈ:-

(1) **ਸ਼ਰੁਤੀ ਕਾਲ** : ਸ਼ਰੁਤੀ ਕਾਲ ਵਿਚ ਹਿੰਦੂਧਰਮ ਦੇ ਮੂਲ ਗਰੰਥ-ਵੇਦ-ਰਚੇ ਗਏ ਸਨ। ਵੇਦਾਂ ਨੂੰ ਸਭ ਤੋਂ ਪ੍ਰਾਚੀਨ ਗ੍ਰੰਥ ਮੰਨਿਆ ਜਾਂਦਾ ਹੈ। ਇਹ ਹਨ :- ਰਿਗ, ਯਜੁਰ, ਸ਼ਾਮ ਅਤੇ ਅਥਰਵ। ਇਹ ਉਹ ਸਮਾਂ (1500 B.C. ਤੋਂ 600 B.C.) ਸੀ ਜਦੋਂ ਆਰੀਏ ਪੰਜਾਬ ਵਿਚ ਆ ਚੁਕੇ ਸਨ ਤੇ ਉਨ੍ਹਾਂ ਨੇ ਭਾਰਤ ਵਿਚ ਹੌਲੀ ਹੌਲੀ ਵਧਦਿਆਂ ਫੁਲਦਿਆਂ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਚੰਗੀ ਤਰਾਂ ਵਿਕਸਤ ਕਰ ਲਿਆ ਸੀ।

(2) **ਸਿਮ੍ਰਤੀ ਕਾਲ** : ਇਸਦਾ ਸਮਾਂ 6●● ਈ: ਪੂਰਵ ਤੋਂ 5●● ਈ :ਤੱਕ ਦਾ ਹੈ। ਇਸ ਸਮੇਂ ਰਾਮਾਇਣ ਤੇ ਮਹਾਂਭਾਰਤ ਆਦਿਕ ਮਹਾਂਕਾਵਿ ਲਿਖੇ ਗਏ। ਇਸ ਸਮੇਂ ਦੀਆਂ ਕੁਝ ਹੋਰ ਰਚਨਾਵਾਂ ਵੀ ਮਿਲਦੀਆਂ ਹਨ, ਜਿਨ੍ਹਾਂ ਦੇ ਸਮੁਚੇ ਰੂਪ ਨੂੰ ਵੇਦਾਂਤ ਕਿਹਾ ਜਾਂਦਾ ਹੈ। ਇਹ ਰਚਨਾਵਾਂ ਕਰਮ-ਕਾਂਡ (ਕਲਪ), ਧੁਨੀ ਵਿਗਿਆਨ (ਸਿਕਸ਼ਾ) ਛੇਦ ਵਿਗਿਆਨ (ਛੰਦ), ਵਿਆਕਰਣ, ਸ਼ਬਦ ਵਿਗਿਆਨ (ਨਿਰੁਕਤ) ਅਤੇ ਜੋਤਸ਼ ਨਾਲ ਸੰਬੰਧਿਤ ਕੁਝ ਵਿਆਖਿਆਈ ਗ੍ਰੰਥ ਹਨ। ਇਨ੍ਹਾਂ ਵਿਚ ਕਰਮ-ਕਾਂਡਾ ਨਾਲ ਸੰਬੰਧਿਤ ਗਰੰਥਾਂ (ਕਲਪ) ਵਿਚ ਧਰਮ-ਸੂਤਰ ਦਿਤੇ ਗਏ ਹਨ। ਇਨ੍ਹਾਂ ਵਿੱਚ ਮਨੁੱਖ ਦੇ ਨਿਜੀ ਫ਼ਰਜ਼ਾਂ ਅਤੇ ਸਮਾਜ ਪ੍ਰਤਿ ਫ਼ਰਜ਼ਾਂ ਦਾ ਜ਼ਿਕਰ ਹੈ। ਸੂਤਰ ਤੋਂ ਭਾਵ ਹੈ –

ਉਦੇਸ਼ ਪੂਰਣ ਵਾਕ। ਇਨ੍ਹਾਂ ਗ੍ਰੰਥਾਂ ਉੱਤੇ ਬਾਅਦ ਵਿਚ ਭਾਸ਼ਯ (Commentaries) ਵੀ ਲਿਖੇ ਗਏ। ਮੰਨੂੰ ਦਾ ਧਰਮ-ਸ਼ਾਸਤਰ ਧਰਮ-ਸੂਤਰਾਂ ਉਤੇ ਲਿਖਿਆ ਹੋਇਆ ਇਕ ਅਜਿਹਾ ਹੀ ਭਾਸ਼ਯ ਹੈ। ਇਸ ਤੋਂ ਸਿਵਾ 6 ਹੋਰ ਦਰਸ਼ਨ-ਸੂਤਰ ਵੀ ਪ੍ਰਸਿੱਧ ਹਨ।

(3) **ਦਰਸ਼ਨ ਕਾਲ –** ਦਰਸ਼ਨ ਕਾਲ ਦਾ ਸਮਾਂ 200 ਈ: ਤੋਂ 1200 ਈ: ਤਕ ਦਾ ਹੈ। ਇਸ ਸਮੇਂ ਹਿੰਦੂ-ਧਰਮ ਦੇ ਛੇ ਸਕੂਲ (ਖਟ-ਦਰਸ਼ਨ) ਹੋਂਦ ਵਿਚ ਆਏ। ਇਨ੍ਹਾਂ ਸਕੂਲਾਂ ਨੇ ਦਰਸ਼ਨ-ਸੂਤਰਾਂ ਉਤੇ, ਜਿਹੜੇ ਕਿ ਸਿਮਰਤੀ-ਕਾਲ ਵਿਚ ਲਿਖੇ ਗਏ ਸਨ, ਭਾਸ਼ਯ ਅਥਵਾ ਟੀਕੇ ਵੀ ਲਿਖੇ। ਉਪ-ਭਾਸ਼ਯ ਵੀ ਲਿਖੇ ਗਏ। ਭਾਸ਼ਯ ਅਤੇ ਉਪ- ਭਾਸ਼ਯ ਲਿਖਣ ਦੀ ਪ੍ਰਕਿਰਿਆ ਨਾਲ ਹੀ ਉਪਰੋਕਤ ਛੇ ਸਕੂਲ ਹੋਂਦ ਵਿਚ ਆਏ । ਉਹ ਹਨ-ਨਿਆਇ, ਵਿਸ਼ੇਸ਼ਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ। 'ਨਿਆਇ' ਮੁਖ ਰੂਪ ਵਿਚ ਤਰਕ (ਦਲੀਲ ਅਤੇ ਗਿਆਨ ਦੇ ਸਿਧਾਂਤ ਦਾ ਵਿਵੇਚਨ ਕਰਦਾ ਹੈ।) ਵਿਸ਼ੇਸ਼ਕ ਹਿੰਦੂਭੌਤਿਕ ਵਿਗਿਆਨ ਅਤੇ 'ਸਾਂਖ' ਪ੍ਰਕ੍ਰਿਤੀ ਅਥਵਾ ਵਿਕਾਸ ਦੇ (ਹਿੰਦੂ) ਸਿਧਾਂਤ ਦਾ ਵਰਣਨ ਕਰਦਾ ਹੈ। 'ਵੇਦਾਂਤ' ਸਭ ਤੋਂ ਮਹੱਤਵਪੂਰਨ ਹੈ। ਇਹ ਪ੍ਰਾਭੌਤਿਕ ਅਥਵਾ ਅਧਿਆਤਮਕ ਸ਼ਾਸਤਰ ਨਾਲ ਸੰਬੰਧਿਤ ਹੈ। ਵੇਦਾਂਤ ਦੇ ਤਿੰਨ ਮੁਖ ਪ੍ਰਵਕਤਾ ਹਨ- ਸ਼ੰਕਰ, ਰਾਮਾਨੁਜ ਅਤੇ ਮਾਧਵ।

(4) **ਭਗਤੀ ਕਾਲ :** ਦਰਸ਼ਨ-ਕਾਲ ਦੇ ਮਗਰੋਂ ਭਗਤੀ ਕਾਲ ਦਾ ਆਰੰਭ ਹੁੰਦਾ ਹੈ। 13ਵੀਂ, 14ਵੀਂ ਅਤੇ 15ਵੀਂ ਸਦੀ ਵਿਚ ਭਗਤੀ ਲਹਿਰ ਦਾ ਬਹੁਤ ਜ਼ੋਰ ਰਿਹਾ ਹੈ। ਇਸ ਸਮੇਂ ਸਮੁਚੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅਜਿਹੇ 'ਭਗਤ' ਪੈਦਾ ਹੋਏ ਜਿਨ੍ਹਾਂ ਨੇ ਕਰਮ-ਕਾਂਡਾ, ਜਾਤ-ਪ੍ਰਥਾ, ਵਿਖਾਵੇ ਅਤੇ ਸਮਾਜਕ ਬੁਰਾਈਆਂ ਦਾ ਵਿਰੋਧ ਕੀਤਾ। ਇਹਨਾਂ ਨੇ ਪਿਆਰ ਨੂੰ ਹੀ ਪ੍ਰਭੂ-ਭਗਤੀ ਦਾ ਸਾਧਨ ਦਸਿਆ। ਇਹ ਭਗਤ ਭਾਵੇਂ ਹਿੰਦੂ-ਸਮਾਜ ਵਿਚ ਹੀ ਪੈਦਾ ਹੋਏ ਸਨ, ਪਰ ਇਨ੍ਹਾਂ ਨੇ ਬ੍ਰਾਹਮਣਵਾਦ ਅਤੇ ਧਰਮ-ਸ਼ਾਸਤਰਾਂ ਦੀਆਂ ਸਿਖਿਆਵਾਂ ਦੇ ਵਿਰੁਧ ਆਵਾਜ ਉਠਾਈ।

13ਵੀਂ ਤੋਂ 18ਵੀਂ ਸਦੀ ਤੱਕ ਹਿੰਦੂ-ਦਰਸ਼ਨ (ਫ਼ਲਸਫਾ/ਵਿਚਾਰਧਾਰਾ) ਨੇ ਹੋਰ ਵਿਕਾਸ ਕੀਤਾ। ਕਈ ਭਾਸ਼ਯ ਅਤੇ ਉਪ-ਭਾਸ਼ਯ ਲਿਖੇ ਗਏ। ਵੈਸ਼ਨਵ ਮਤ, ਸ਼ੈਵ ਮਤ ਅਤੇ ਸ਼ਾਕਤ ਮਦ ਦੀਆਂ ਕਈ ਸੰਪਰਦਾਵਾਂ ਦਾ ਵਿਕਾਸ ਹੋਇਆ।

ਦਖਣੀ ਭਾਰਤ ਵਿਚ ਵੈਸ਼ਨਵ ਮੱਤ ਦੇ ਦੋ ਪ੍ਰਮੁਖ ਸਕੂਲ ਵਾਡਾਗਲੇ (ਉਤਰੀ ਪਰੰਪਰਾ, ਅਤੇ ਤਲੰਗੇ (ਦਖਣੀ ਪਰੰਪਰਾ) ਦਾ ਵਿਕਾਸ ਹੋਇਆ। ਉਤਰੀ ਭਾਰਤ ਵਿਚ ਇਸ ਸਮੇਂ ਰਾਮ, ਕ੍ਰਿਸ਼ਨ ਅਤੇ ਵਿਸ਼ਨੂੰ ਦੇ ਅਵਤਾਰਾਂ ਦੀ ਪੂਜਾ ਪ੍ਰਚਲਿਤ ਸੀ। ਇਸ ਤੋਂ ਇਲਾਵਾ ਸ਼ਿਵ ਅਤੇ ਸ਼ਕਤੀ (ਮਹਾਂ ਕਾਲ ਤੇ ਕਾਲੀ) ਦੀ ਪੂਜਾ ਵੀ ਕੀਤੀ ਜਾਂਦਾ ਸੀ।

(5) **ਪੁਨਰ ਜਾਗ੍ਰਤੀ ਦਾ ਵਰਤਮਾਨ ਕਾਲ :** ਇਸ ਦਾ ਆਰੰਭ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ

ਆਰੰਭ ਤੋਂ ਹੁੰਦਾ ਹੈ। ਇਸ ਸਮੇਂ ਵਿਚ ਹੋਈ ਵਿਗਿਆਨ ਦੀ ਤਰੱਕੀ, ਮਸੀਨੀ ਵਿਕਾਸ ਅਤੇ ਈਸਾਈ ਮੱਤ ਦੇ ਪਰਚਾਰ ਕਾਰਨ ਹਿੰਦੂ-ਮਤ ਬੋਸੀਦਾ, ਖੋਖਲਾ ਅਤੇ ਬੀਤੇ ਸਮੇਂ ਦਾ ਧਰਮ ਜਾਪਣ ਲਗ ਪਿਆ। ਇਸ ਸਮੇਂ ਕੁਝ ਹਿੰਦੂ-ਵਿਦਵਾਂਨ ਆਪਣੇ 'ਧਰਮ' ਦੀ ਸੇਵਾ ਲਈ ਮੈਦਾਨ ਵਿਚ ਆਏ। ਉਨ੍ਹਾਂ ਨੇ ਆਪਣੇ ਧਰਮ ਗਰੰਥਾਂ ਦੀਆਂ ਸਿਖਿਆਵਾਂ ਨੂੰ ਆਧੁਨਿਕ ਮਸੇਂ ਦੇ ਪ੍ਰਸੰਗ ਵਿਚ ਪੇਸ਼ ਕੀਤਾ। ਪੁਰਾਣੇ ਅਰਥਾਂ ਦੀ ਥਾਂ ਉਤੇ ਨਵੇਂ ਅਰਥ ਕੀਤੇ ਗਏ ਅਤੇ ਵਿਚਾਰਧਾਰਾ ਵਿਚ ਸੁਧਾਈ ਕੀਤੀ ਗਈ। ਕਈ ਸੁਧਾਰਕ ਲਹਿਰਾ ਹੋਂਦ ਵਿਚ ਆਈਆਂ।

ਸਭ ਤੋਂ ਪਹਿਲੀ ਸੁਧਾਰਕ ਲਹਿਰ ਬ੍ਰਹਮੋ ਸਮਾਜ ਹੈ। ਰਾਜਾ ਰਾਮ ਮੋਹਨ ਰਾਏ (1772-1885) ਨੇ ਇਸ ਲਹਿਰ ਦੀ ਸਥਾਪਨਾ ਕੀਤੀ। ਇਸਦੇ ਵਿਕਾਸ ਵਿਚ ਦੇਵਿੰਦਰ ਨਾਥ ਟੈਗੋਰ ਅਤੇ ਕੇਸ਼ਵ ਚੰਦਰ ਸਨ ਨੇ ਆਪਣਾ ਯੋਗਦਾਨ ਦਿਤਾ। ਇਸਦਾ ਮੁੱਖ ਆਸ਼ਾ ਹਿੰਦੂਧਰਮ ਦੇ ਵੱਖ ਵੱਖ ਮੱਤ-ਮਤਾਂਤਰਾ ਵਿਚ ਸਾਂਝੀਵਾਲਤਾ ਪੈਦਾ ਕਰਨਾ ਸੀ।

ਬ੍ਰਹਮੋ ਸਮਾਜ ਵਿਚੋਂ ਹੀ ਵੇਦ ਧਰਮ ਲਹਿਰ ਉਠੀ। ਇਹ ਸ੍ਰੀ ਅਗਨੀ ਹੋਤਰੀ ਨੇ ਚਲਾਈ ਸੀ। ਇਸਨੇ ਮਾਨਵ-ਵਾਦ ਦਾ ਪ੍ਰਚਾਰ ਕੀਤਾ।

ਸੁਆਸੀ ਦਯਾ ਨੰਦ ਨੇ ਆਰੀਆ ਸਮਾਜ ਲਹਿਰ ਚਲਾਈ। ਉਨ੍ਹਾਂ ਨੇ ਵੇਦਾਂ ਦੀਆਂ ਸਿਖਿਆਵਾਂ ਨੂੰ ਨਵੇਂ ਅਰਥ (ਮਨ ਮਰਜੀ ਦੇ) ਦਿਤੇ 'ਆਰਯ ਧਰਮ' (ਹਿੰਦੂ- ਮਤ) ਨੂੰ ਸਰਬੋਤਮ ਦਸਿਆ। ਆਪਣੇ ਮਤ ਦੀ ਸਰਬੋਤਮਤਾ ਸਥਾਪਿਤ ਕਰਨ ਲਈ ਸੁਆਮੀ ਦਯਾ ਨੰਦ ਨੇ ਆਪਣੇ ਗਰੰਥ ਸਤਿਆਰਥ ਪ੍ਰਕਾਸ਼ ਵਿਚ ਹੋਰ ਧਰਮਾਂ ਦੀਆਂ ਸਿਖਿਆਵਾਂ ਅਤੇ ਪ੍ਰਸਿੱਧ ਵਿਅਕਤੀਆਂ ਤੇ ਭਗਤੀ ਕਾਲ ਦੇ ਭਗਤਾਂ ਵਿਰੁਧ ਖੁਲ੍ਹ ਕੇ ਜ਼ਹਿਰ ਉਗਲਿਆ। ਇਸ ਲਹਿਰ ਨੇ ਹਿੰਦੂ-ਧਰਮ ਨੂੰ ਈਸਾਈ ਮਿਸ਼ਨਰੀਆਂ ਦੀ 'ਕਰੋਪੀ' ਤੋਂ ਬਚਾਇਆ।

ਹਿੰਦੂਧਰਮ ਦੇ ਹੋਰ ਸੁਧਾਰਕਾਂ ਵਿਚ ਐਨੀਬੇਸੈਂਟ (1847-193●), ਸੁਆਮੀ ਰਾਮ ਕ੍ਰਿਸ਼ਨ ਪਰਮਹੰਸ (1836-1886), ਸੁਆਮੀ ਵਿਵੇਕਾਨੰਦ (1863-19●2), ਸ੍ਰੀ ਅਰਬਿੰਦੂਘੋਸ਼ ਅਤੇ ਡਾ: ਐਸ. ਰਾਧਾ ਕ੍ਰਿਸ਼ਨਨ ਪ੍ਰਸਿੱਧ ਹਨ। ਰਾਬਿੰਦਰ ਨਾਥ ਟੈਗੋਰ ਅਤੇ ਰਮਨ ਰਿਸ਼ੀ ਨੇ ਵੀ ਹਿੰਦੂਧਰਮ ਦੀ ਪੁਨਰ ਜਾਗ੍ਰਿਤੀ ਵਿਚ ਆਪਣਾ ਹਿਸਾ ਪਾਇਆ ਹੈ।

ਮਹਾਤਮਾ ਗਾਂਧੀ ਨੇ ਹਿੰਦੂਧਰਮ ਦੀ ਅਨੁਕੂਲਤਾ ਨੂੰ ਰਾਜਨੀਤਕ ਖੇਤਰ ਵਿਚ ਵੀ ਪ੍ਰਗਟ ਕੀਤਾ। ਸਰਵੋਦਯ ਨੇਤਾ ਵਿਨੋਭਾ ਭਾਵੇ ਅਤੇ ਜੈ ਪ੍ਰਕਾਸ਼ ਨਰਾਇਣ ਨੇ ਵੀ ਇਹੀ ਰਾਹ ਅਪਣਾਇਆ।

ਹਿੰਦੂਧਰਮ ਦੇ ਗ੍ਰੰਥ :

**(ੳ) ਵੇਦ** :- ਵੇਦ ਦਾ ਅਰਥ ਹੈ 'ਗਿਆਨ'। ਇਹ ਲਫ਼ਜ਼ ਹਿੰਦੂਮਤ ਦੇ ਗਿਆਨ ਪ੍ਰਦਾਤਾ ਧਰਮ ਪੁਸਤਕਾਂ ਦੇ ਸਮੂਹ ਲਈ ਵਰਤਿਆ ਗਿਆ ਹੈ। ਵੇਦ ਚਾਰ ਹਨ। ਰਿਗ, ਯਜੁਰ, ਸ਼ਾਮ ਦੇ ਅਥਰਵ। ਇਨ੍ਹਾਂ ਨੂੰ 'ਸ਼ਰਤੀ' ਵੀ ਕਹਿੰਦੇ ਹਨ, ਜਿਸ ਦਾਂ ਭਾਵ ਹੈ ਸੁਣਿਆ ਹੋਇਆ ਗਿਆਨ। ਹਿੰਦੂਲੋਕਾਂ ਦਾ ਵਿਸ਼ਵਾਸ਼ ਹੈ ਕਿ ਵੇਦ ਰਿਸ਼ੀਆਂ ਦੁਆਰਾ ਸੁਣਿਆ ਹੋਇਆ ਗਿਆਨ ਹੈ। ਪਹਿਲਾਂ ਵੇਦ ਲਿਖੇ ਨਹੀਂ ਸਨ ਗਏ, ਸਗੋਂ ਲੋਕੀ ਵੇਦ-ਮੰਤਰਾਂ ਨੂੰ ਜੁਬਾਨੀ ਯਾਦ

ਰਖਦੇ ਸਨ। 14ਵੀਂ ਸਦੀ ਵਿਚ ਇਨ੍ਹਾਂ ਨੂੰ ਲਿਖਿਤ ਰੂਪ ਦਿਤਾ ਗਿਆ। ਹਿੰਦੂਆਂ ਵਿਚ ਆਮ ਮਨੌਤ ਹੈ ਕਿ ਵੇਦ ਬ੍ਰਹਮਾ ਨੇ ਆਪਣੇ ਮੁਖ ਤੋਂ ਉਚਾਰੇ ਸਨ। ਕਈ ਇਹ ਕਹਿੰਦੇ ਹਨ ਕਿ ਵੇਦਾਂ ਨੂੰ ਵਿਆਸ ਰਿਸੀ (ਪੂਰਾ ਨਾਮ ਕ੍ਰਿਸ਼ਨ ਦਵੈਪਿਅਨ ) ਨੇ ਲਿਖਿਆ ਸੀ। ਕਈ ਕਹਿੰਦੇ ਹਨ ਕਿ ਵਿਆਸ ਰਿਸ਼ੀ ਨੇ ਵੇਦ ਰਚੇ ਨਹੀਂ ਸਨ, ਸਗੋਂ ਉਸ ਨੇ ਵੈਦਿਕ ਮੰਤਰਾਂ ਨੂੰ ਚਾਰ ਵੇਦਾਂ ਵਿਚ ਵੰਡਿਆ ਸੀ। ਵਿਦਵਾਨ ਲੋਕ ਮੰਨਦੇ ਹਨ ਕਿ ਵੇਦਾਂ ਨੂੰ ਵਿਸ਼ਵਾ ਮਿਤਰ, ਵਾਸਦੇਵ, ਅਤਰੀ, ਭਾਰਦਵਾਜ, ਵਸ਼ਿਸ਼ਟ, ਅਦਿਤ੍ਰ, ਅੰਗ੍ਰਹਿ, ਵਾਯੂਆਦਿਕ ਕਈ ਰਿਸ਼ੀਆਂ ਨੇ ਲਿਖਿਆ ਸੀ। ਵੇਦਾਂ ਦੇ ਰਚਨ-ਕਾਲ ਬਾਰੇ ਵਿਦਵਾਨਾਂ ਵਿਚ ਬਹੁਤ ਮਤਭੇਦ ਹਨ।

**ਰਿਹਾ ਵੇਦ** :- ਰਿਗ ਵੇਦ ਨੂੰ ਧਰਮ ਬਾਰੇ ਸਭ ਤੋਂ ਪੁਰਾਤਨ ਪੁਸਤਕ ਮੰਨਿਆ ਜਾਂਦਾ ਹੈ। ਇਸੇ ਦੇ 1028 ਮੰਤਰ ਹਨ, ਜੋ ਮੰਡਲਾਂ ਵਿਚ ਲਿਖੇ ਗਏ ਹਨ। ਇਸ ਵੇਦ ਵਿਚ ਦੇਵਤਿਆਂ ਦੀ ਉਸਤਤ ਦੇ ਭਜਨ ਹਨ ਅਤੇ ਦੇਵਤਿਆਂ ਦੀ ਪੂਜਾ ਬਾਰੇ ਪ੍ਰਾਥਨਾਵਾਂ ਹਨ। ਰਿਗ ਦੀ ਭਾਵ ਹੁੰਦਾ ਹੈ ਪ੍ਰਸੰਸਾ ਦੇ ਗੀਤ।

ਯਜਰ ਵੇਦ : ਯਜੁਰ ਦਾ ਭਾਵ ਹੈ ਬਲੀ ਅਥਵਾ ਕੁਰਬਾਨੀ । ਯਜੁਰ ਵੇਦ ਵਿਚ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਬਲੀ ਦੇਣ ਦੀਆਂ ਰਸਮਾਂ ਅਤੇ ਮੰਤਰ ਹਨ। ਇਸ ਵਿਚ ਯੱਗ ਕਰਨ ਬਾਰੇ ਹਦਾਇਤਾਂ ਹਨ।

**ਸਾਮ ਵੇਦ** : ਸਾਮ ਦਾ ਭਾਵ ਹੈ 'ਗਾਉਣਾ'। ਸਾਮ ਵੇਦ ਵਿਚ ਰਿਗ ਵੇਦ ਦੇ ਕੁਝ ਮੱਤਰ ਇੱਝ ਲਿਖੇ ਗਏ ਸਨ ਕਿ ਉਨ੍ਹਾਂ ਨੂੰ ਗਾਇਆ ਜਾ ਸਕੇ।

**ਅਥਰਵ ਵੇਦ** : ਅਥਰਵ ਦਾ ਭਾਵ ਹੈ - ਪੁਜਾਰੀ ਜਾ ਬ੍ਰਾਹਮਣ, ਜੋ ਅਗਨੀ ਤੇ ਸੋਮ ਦਾ ਪੂਜਾ ਕਹਦਾ ਹੈ। ਇਸ ਵੇਦ ਵਿਚ ਵੀ ਯੱਗਾ ਬਾਰੇ ਹਦਾਇਤਾ, ਕਰਾਮਾਤਾਂ ਤੇ ਜਾਦੂ-ਟੂਣਿਆਂ ਦੇ ਟੋਟਕੇ ਹਨ।

ਯਗ ਕਰਨ ਤੇ ਬਲੀਆਂ ਦੇਣਾ ਵੇਦਾਂ ਦਾ ਮੁਖ ਵਿਸ਼ਾ ਹੈ। ਯੱਗਾਂ ਸਮੇਂ ਮੰਤਰ ਪੜ੍ਹਨ ਵਾਲੇ ਨੂੰ ਉਦਾਗਾਤਰੀ ਤੇ ਭੇਟਾ ਕਰਨ ਵਾਲੇ ਨੂੰ ਹੋਤਰੀ ਕਿਹਾ ਜਾਂਦਾ ਸੀ। ਜਿਹੜਾ ਪੁਜਾਰੀ ਬਲੀ ਦੇਣ ਵਿਚ ਸਹਾਇਤਾ ਕਰਦਾ ਸੀ ਉਹ ਅਧਵਾਰਯ ਕਹਾਉਂਦਾ ਸੀ। ਬ੍ਰਾਹਮਣ ਜੋ ਵੇਦੀ ਦੇ ਕੋਲ ਸਭ ਤੋਂ ਮੂਹਰੇ ਬੈਠਦਾ ਸੀ, ਪਰੋਹਤ ਕਹਾਉਂਦਾ ਸੀ।

**(ਅ) ਛੇ ਸ਼ਾਸ਼ਤਰ** :- ਇਨ੍ਹਾਂ ਦਾ ਜ਼ਿਕਰ 'ਹਿੰਦੂਧਰਮ ਦਾ ਸੰਖੇਪ ਇਤਿਹਾਸ' ਵਿਚ ਆ ਚੁਕਾ ਹੈ।

**(ੲ) ਸਿਮਰਤੀਆਂ (ਸਿੰਮ੍ਰਤਿ)** : ਸਿੰਮ੍ਰਤੀ ਰਿਸ਼ੀਆਂ ਦੇ ਲਿਖੇ ਹੋਏ ਉਹ ਧਰਮ ਗ੍ਰੰਥ ਹਨ, ਜੋ ਉਨ੍ਹਾਂ ਨੇ ਵੇਦ-ਵਾਕਾਂ ਨੂੰ ਅਥਵਾ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਯਾਦ ਕਰ ਕੇ ਲਿਖੇ ਹਨ। ਇਨ੍ਹਾਂ ਦੀ ਗਿਣਤੀ ਤਾਂ ਬਹੁਤ ਹੈ, ਪਰ ਮੁਖ 31 ਹਨ। ਇਹ ਇਸ ਪ੍ਰਕਾਰ ਹਨ-ਮਨੂਸਿਮ੍ਰਤੀ ਯਾਗਯਵਲਕਾਯ, ਲਘੂਅਤ੍ਰਿ, ਅਤ੍ਰਿ ਵ੍ਰਿਧਅਤਿ, ਵਿਸ਼ਨੂ, ਲਘੂਹਾਰੀਤ, ਵ੍ਰਿਧ ਹਾਰੀਤ, ਔਸ਼ਨਸ ਸਹਿੰਤਾ, ਆਗਿਰਸ, ਯਮ, ਆਪਸਤੰਥ, ਸੇਵਤਤੰ, ਕਾਤਯਾਇਨ, ਵ੍ਰਿਹਸਪਤੀ, ਪਾਰਾਸ਼ਰ, ਵ੍ਰਿਹਤਪਾਰਾਸ਼ਰੀ, ਵਯਾਸ, ਲਘੂਵਯਾਸ, ਸੰਖ, ਲਿਖਿਤ, ਦਖਸ਼, ਗੌਤਮ, ਵ੍ਰਿਧ ਗੌਤਮ, ਸ਼ਾਤਤਮ, ਵਾਸ਼ਿਸ਼ਟ, ਪੁਲਸਤਯ, ਬੁਧ, ਕਸ਼ਯਪ ਅਤੇ ਨਾਰਦ ਸਿਮ੍ਰਿਤਿ।

**(ਹ) ਪੁਰਾਣ** :- ਪੁਰਾਣ ਅਠਾਰਾਂ ਹਨ। ਇਨ੍ਹਾਂ ਵਿਚ ਲਗਭਗ ਚਾਰ ਲੱਖ ਸਲੋਕ ਹਨ। ਇਹ ਵਿਆਸ ਦੇ ਨਾਮ ਤੇ ਅਤੇ ਹੋਰ ਵਿਦਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਗ੍ਰੰਥ ਹਨ। ਵਿਸ਼ਨੂਅਤੇ ਬ੍ਰਹਮਾਂਡ ਪੁਰਾਣ ਵਿਚ ਲਿਖਿਆ

ਹੋਇਆ ਹੈ ਕਿ ਜਗਤ ਦੀ ਉਤਪਤੀ, ਪ੍ਰਲੈ, ਦੇਵਤਾ ਅਤੇ ਵੰਸਾਵਲੀ, ਮਨੂ ਦੇ ਰਾਜ ਦਾ ਸਮਾਂ ਅਤੇ ਉਸ ਦਾ ਹਾਲ, ਸੂਰਜ ਅਤੇ ਚੰਦਰਵੰਸ਼ ਦੀ ਕਥਾ, ਜਿਸ ਵਿਚ ਇਹ ਪੰਜ ਪ੍ਰਸੰਗ ਹੋਣ ਉਹ ਪੁਰਾਣ ਹੈ।

**ਪੁਰਾਣਾਂ ਦੇ ਨਾਮ ਇਸ ਪ੍ਰਕਾਰ ਹਨ** :- ਵਿਸ਼ਨੂੰ, ਪਦਮ, ਬ੍ਰਹਮ, ਸ਼ਿਵ ਭਾਗਵਤ, ਨਾਰਦ, ਮਾਰਕੰਡੇਯ, ਅਗਨੀ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ, ਵਾਸਨ, ਕੁਰਮ, ਮਤਸਯ, ਗਰੁੜ, ਬ੍ਰਹਮਾਂਡ ਅਤੇ ਭਵਿਖਯ ਪੁਰਾਣ। ਉਪਰੋਕਤ 18 ਪ੍ਰਧਾਨ ਪੁਰਾਣਾਂ ਤੋਂ ਵੱਖ 18 ਉਪ-ਪੁਰਾਣਾ ਵੀ ਹਨ।

**(ਕ) ਮਹਾਂਭਾਰਤ** :- ਇਹ ਇਤਿਹਾਸ ਨਾਲ ਸੰਬੰਧਿਤ ਗ੍ਰੰਥ ਹੈ। ਇਸ ਵਿਚ ਮਹਾਂਭਾਰਤ ਦੇ ਯੁਧ ਦਾ ਵਰਨਣ ਹੈ, ਜੋ 95● ਈ: ਪੂਰਵ (B.C.) ਵਿਚ ਹੋਇਆ ਮੰਨਿਆ ਜਾਂਦਾ ਹੈ। ਇਹ ਯੁਧ ਕੌਰਵਾਂ ਤੇ ਪਾਂਡਵਾਂ ਵਿਚ ਹੋਇਆ। ਸ੍ਰੀ ਕ੍ਰਿਸ਼ਨ ਜੀ ਨੇ ਪਾਂਡਵਾ ਦਾ ਸਾਥ ਦਿਤਾ। ਇਸ ਗ੍ਰੰਥ ਦੇ 18 ਪਰਵ ਹਨ।

**(ਖ) ਗੀਤਾ** : -ਇਹ ਗ੍ਰੰਥ 'ਮਹਾਂ ਭਾਰਤ' ਦੇ 'ਭੀਸਮ ਪਰਵ' ਦਾ ਇਕ ਪਾਠ ਹੈ। ਇਸ ਦੇ 7●● ਸਲੋਕ ਅਤੇ 18 ਅਧਿਆਇ ਹਨ। ਆਮ ਲੋਕੀਂ ਇਸ ਨੂੰ ਮਹਾਂ ਭਾਰਤ ਦੇ ਯੁਧ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਮੁਖੋਂ ਉਚਾਰੀ ਦਸਦੇ ਹਨ। ਕਈ ਵਿਦਵਾਨਾਂ ਦਾ ਖਿਆਲ ਹੈ ਕਿ ਇਸ ਨੂੰ ਰਿਸ਼ੀ ਵੇਦ ਵਿਆਸ ਨੇ ਲਿਖਿਆ ਸੀ। ਗੀਤਾ ਵਿਚ ਵੇਦਾਂਤ ਦੇ ਮਤ ਦਾ ਸਿਧਾਂਤ ਮੁਖ ਰਖਿਆ ਗਿਆ ਹੈ। ਇਸ ਜੀਵ-ਬ੍ਰਹਮ ਦੀ ਅਭੇਦਤਾ, ਹਿੰਦੂਮਤ ਦੇ ਭਗਤੀ ਮਾਰਗ, ਕਰਮ ਸ਼ਿਧਾਂਤ, ਮੁਕਤੀ ਦੇ ਸਿਧਾਂਤ ਅਤੇ ਯੋਗ ਬਾਰੇ ਚਰਚਾ ਕੀਤੀ ਗਈ ਹੈ। ਇਸ ਗ੍ਰੰਥ ਵੀ ਅਵਤਾਰਵਾਦ ਦਾ ਪ੍ਰਚਾਰਕ ਹੈ।

**(ਗ) ਰਾਮਾਇਣ** :- ਇਹ ਗ੍ਰਥ ਸ੍ਰੀ ਰਾਮ ਚੰਦਰ ਜੀ ਦਾ ਜੀਵਨ ਬਾਰੇ ਹੈ ਸਭ ਤੋਂ ਪਹਿਲਾਂ ਇਸ ਨੂੰ ਸੰਸਕ੍ਰਿਤ ਭਾਸ਼ਾ ਵਿਚ ਰਿਸ਼ੀ ਬਾਲਮੀਕ ਨੇ ਲਿਖਿਆ ਸੀ। ਇਸ ਦੇ 24●●● ਸਲੋਕ ਹਨ: 647 ਅਧਿਆਇ ਹਨ ਜੋ ਸਤਾਂ ਕਾਂਡਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਵਿਚ ਸ੍ਰੀ ਰਾਮ ਚੰਦਰ ਜੀ ਦੇ ਬਚਪਨ, ਰਾਜਾ ਦਸ਼ਰਥ ਦੀ ਰਾਜਧਾਨੀ ਆਯੁਧਿਆ ਦੇ ਹਾਲ ਤੇ ਰਾਮ ਦਾ ਚੰਦਰ ਜੀ ਦੇ ਬਚਪਨ, ਰਾਜਾ ਦਸ਼ਰਥ ਦੀ ਰਾਜਧਾਨੀ ਆਯੁਧਿਆ ਦੇ ਹਾਲ ਤੇ ਰਾਮ ਦਾ ਬਨਵਾਸ ਜਾਣਾ, ਬਨਵਾਸ ਦੇ ਪ੍ਰਸੰਗ ਤੇ ਸੀਤਾ ਹਰਣ, ਸੀਤਾ ਜੀ ਦੀ ਖੋਜ, ਹਨੂਮਾਨ ਦੁਆਰਾ ਸੀਤਾ ਦਾ ਪਤਾ ਲਾਉਣਾ ਤੇ ਸ੍ਰੀ ਰਾਮ ਚੰਦਰ ਦਾ ਲੰਕਾ ਪੁਰ ਧਾਵਾ, ਯੁਧ ਤੇ ਜਿਤ ਅਤੇ ਅਯੁਧਿਆ ਵਿਚ ਰਾਜ ਸਿੰਘਾਸਣ ਉਤੇ ਬੈਠਣਾ ਤੇ ਅੰਤ ਵਿਚ ਸੀਤਾ ਨੂੰ ਬਨਵਾਸ ਦੇਣ ਤੋਂ ਸੀਤਾ-ਰਾਮ ਦੇ ਮੁੜ ਮਿਲਾਪ ਤਕ ਦੇ ਪ੍ਰਸੰਗ ਦਿਤੇ ਹੋਏ ਹਨ।

ਰਿਸ਼ੀ ਬਾਲਮੀਕ ਮਗਰੋਂ ਵਿਆਸ ਜੀ ਨੇ ਵੀ ਅਧਿਆਤਮ ਰਾਮਾਇਣ ਲਿਖੀ ਜੋ ਬ੍ਰਹਮਾਂਡ ਪੁਰਾਣ ਦਾ ਇਕ ਹਿਸਾ ਹੈ। ਅਜ ਕਲ ਗੋਸੁਆਮੀ ਤੁਲਸੀ ਦਾਸ ਕ੍ਰਿਤ 'ਰਾਮ ਚਰਿਤ ਮਾਨਸ' ਹਿੰਦੂਆਂ ਵਿਚ ਹਰਮਨ ਪਿਆਰਾ ਹੈ।

**(ਘ) ਉਪਨਿਸ਼ਦ** :- ਉਪਨਿਸ਼ਦ ਦਾ ਅਰਥ ਹੈ '(ਅਧਿਆਪਕ ਦੇ ਨੇੜੇ ਬੈਠਣਾ'। ਸੋ ਇਹ ਇਕ ਪ੍ਰਕਾਰ ਦੀ ਰਹੱਸਮਈ (Mystical) ਸਿਖਿਆ ਹੈ ਜੋ ਚੇਲਾ ਅਧਿਆਪਕ ('ਗੁਰੂ') ਤੋਂ ਪ੍ਰਾਪਤ ਕਰਦਾ ਹੈ। ਇਨ੍ਹਾਂ ਦੀ ਗਿਣਤੀ 2●● ਤੋਂ ਵੀ ਵੱਧ ਹੈ, ਜਿਨ੍ਹਾਂ ਵਿਚੋਂ 13 ਉਪਨਿਸ਼ਦ ਬਹੁਤ ਪ੍ਰਸਿਧ ਹਨ। ਉਹ ਹਨ:-

(1) **ਈਸ਼ਵਾਸਯ** (2) **ਕੇਨ** (3) **ਕੁਠ ਜਾਂ ਕਠ,** (4) **ਪ੍ਰਸ਼ਨ** (5) **ਮੁੰਡਕ,** (6) **ਛਾਂਦੋਗਯ,** (7) **ਬ੍ਰਿਹਾਦਾਰਣਕ** (8) **ਮਾਂਡੂਕਯ,** (9) **ਕਉਸ਼ਿਟਿਕ** (10) **ਮਈਤ੍ਰਯਨਿਹ** (11) **ਤਈਤ੍ਰਿਯ** (12) **ਅਟੀਤਰੇਯ,** (13) **ਸ੍ਵੇਤਾਸ੍ਵਤਰ।**

ਉਪਨਿਸ਼ਦਾਂ ਨੂੰ 'ਵੇਦਾਂਤ' ਵੀ ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ – ਵੇਦਾਂ ਦਾ ਅੰਤਲਾ ਭਾਗ। ਅਰੰਭ ਵਿਚ ਰਚਿਆ ਗਿਆ ਹਰੇਕ ਉਪਨਿਸ਼ਦ ਕਿਸੇ ਨਾ ਕਿਸੇ ਵੇਦ ਨਾਲ ਸਬੰਧਿਤ ਹੈ, ਪਰ ਮਗਰੋ ਰਚੇ ਗਏ ਉਪਨਿਸ਼ਦ ਵੇਦਾਂ ਨਾਲ ਸਬੰਧਿਤ ਨਹੀਂ ਹਨ। ਇਨ੍ਹਾਂ ਦਾ ਵਿਸ਼ਾ ਬੋਲੀ ਤੇ ਸ਼ੈਲੀ ਵੱਖਰੀ ਵੱਖਰੀ ਹੈ। ਇਹ ਹਿੰਦੂਮਤ ਦੇ ਗੂੜ-ਗਿਆਨ ਦੇ ਪੁਸਤਕ ਹਨ। ਇਨ੍ਹਾਂ ਵਿਚ ਗਿਆਨ ਦੇ ਸਿਧਾਂਤ ਦੀ ਚਰਚਾ ਬਹਮ, ਜੀਵ ਤੇ ਆਤਮਾ ਅਤੇ ਮੁਕਤੀ ਸੰਬੰਧੀ ਵਿਚਾਰ ਹਨ। ਇਨ੍ਹਾਂ ਨੇ ਦਿਵਤਿਆਂ ਨੂੰ ਸੁਤੰਤਰ ਸ਼ਕਤੀਆਂ ਨਹੀਂ ਮੰਨਿਆ ਅਤੇ ਯੱਗਾਂ ਤੇ ਪ੍ਰੋਹਿਤਾਂ ਦੀ ਨਿਖੇਧੀ ਕੀਤੀ ਗਈ ਹੈ। ਛਾਦੋਗਯ ਉਪਨਿਸ਼ਦ ਵਿਚ ਪੁਰੋਹਿਤਾਂ ਦੇ ਜਲੂਸ ਨੂੰ ਕੁਤਿਆਂ ਦਾ ਜਲੂਸ ਆਖਿਆ ਗਿਆ ਹੈ ਜੋ ਕਹਿੰਦੇ ਹਨ। ਓਮ ਨਮੋ ਆਵੋ ਖਾਈਏ ਓਮ ਨਮੋ ਆਵੋ ਪੀਵੀਏ। ਉਪਨਿਸ਼ਦ ਵੱਖ ਵੱਖ ਰਿਸ਼ੀਆਂ ਦੇ ਲਿਖੇ ਹੋਏ ਹਨ।

**ਹਿੰਦੂਆਂ ਦੇ ਰਸਮ ਰਿਵਾਜ ਅਤੇ ਸੰਸਕਾਰ :–** ਹਿੰਦੂਆਂ ਦੇ ਰਸਮ-ਰਿਵਾਜਾਂ ਵਿਚ ਬ੍ਰਾਹਮਣ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਜੰਮਣ ਤੋਂ ਮਰਨ ਤੱਕ ਅਨੇਕਾਂ ਸੰਸਕਾਰ ਹਨ, ਜਿਹੜੇ ਬ੍ਰਾਹਮਣ ਦੀ ਦੇਖ ਰੇਖ ਵਿਚ ਹੁੰਦੇ ਹਨ। ਇਨ੍ਹਾਂ ਸਮੇਂ ਮਿਲੇ 'ਦਾਨ' ਨਾਲ ਬ੍ਰਾਹਮਣ ਦਾ ਜੀਵਨ ਸੌਖ ਨਾਲ ਬੀਤ ਜਾਂਦਾ ਹੈ। ਕੁਝ ਮੁਖ ਸੰਸਕਾਰ ਇਸ ਪਰਕਾਰ ਹਨ :–

(1) **ਨਾਮਕਰਨ ਸੰਸਕਾਰ :–** ਹਿੰਦੂਲੋਕ ਬੱਚਿਆਂ ਦੇ ਨਾਮਕਰਨ ਸੰਸਕਾਰ ਜਨਮ ਤੋਂ ਗਿਆਰਵਰਗੇ ਜਾਂ ਬਾਰਵੇਂ ਦਿਨ ਕਰਦੇ ਹਨ। ਬ੍ਰਹਮਣਾਂ ਦੇ ਨਾਮ ਪਿਛੇ ਸ਼ਰਮਾ, ਖਤਰੀਆਂ ਦੇ ਨਾਮ ਪਿਛੇ ਵਰਮਾ, ਵੈਸਾ ਦੇ ਗੁਪਤਾ ਅਤੇ ਸ਼ੂਦਰਾਂ ਦੇ ਨਾਮ ਪਿਛੇ ਦਾਸ ਸ਼ਬਦ ਲਗਦਾ ਹੈ।

(2) **ਕਰਣਵੇਧ ਸੰਸਕਾਰ :–** ਕੰਨ ਵਿੰਨਣ ਦਾ ਇਹ ਸੰਸਕਾਰ ਬਚੇ ਦੇ ਜਨਮ ਤੋਂ ਛੇਵੇਂ ਮਹੀਨੇ ਵਿਚ ਹੁੰਦਾ ਹੈ। ਬ੍ਰਾਹਮਣ ਅਤੇ ਵੈਸ਼ ਦਾ ਕੰਨ ਚਾਂਦੀ ਦੀ ਸਿਲਾਈ ਨਾਲ, ਖਤਰੀ ਦਾ ਸੋਨੇ ਦੀ ਨਾਲ, ਅਤੇ ਸ਼ੂਦਰ ਦਾ ਲੋਹੇ ਦੀ ਨਾਲ ਵਿੰਨਣ ਦਾ ਬ੍ਰਾਹਮਣੀ ਵਿਧਾਨ ਹੈ।

(3) **ਯਗਯੋਪਵੀਤ ਸੰਸਕਾਰ :–** ਇਸ ਨੂੰ ਜਨੇਊਸੰਸਕਾਰ ਕਿਹਾ ਜਾਂਦਾ ਹੈ। ਜਨੇਊਕਪਾਹ, ਸਣ, ਉਨ ਆਦਿ ਦੇ ਧਾਗਿਆਂ ਨੂੰ ਵੱਟ ਕੇ ਬਣਾਇਆ ਜਾਂਣਾ ਹੈ। ਜਿਸਨੂੰ ਹਿੰਦੂਸਰੀਰ ਤੇ ਧਾਰਨ ਕਰਦੇ ਹਨ। ਮਨੂਸਿਮਰਤੀ ਵਿਚ ਲਿਖੇ ਅਨੁਸਾਰ ਬ੍ਰਾਹਮਣ ਦਾ ਜਨੇਊਕਪਾਹ ਦਾ, ਖਤਰੀ (ਛਤ੍ਰੀ) ਦਾ ਸਣ ਦਾ ਅਤੇ ਵੈਸ਼ ਦਾ ਮੀਢੇ ਦੀ ਉਨ ਦਾ ਹੋਣਾ ਚਾਹੀਦਾ ਹੈ। ਜੰਞੂਸੰਸਕਾਰ ਬ੍ਰਹਮਣ ਦਾ ਅੱਠਵੇਂ, ਛਤ੍ਰੀ ਦਾ ਗਿਆਰਵੇਂ ਵੈਸ਼ ਦਾ ਬਾਰਵੇਂ ਸਾਲ ਹੁੰਦਾ ਹੈ। ਸੂਦਰਾਂ ਅਤੇ ਔਰਤਾਂ ਵਾਸਤੇ ਜਨੇਓ ਧਾਰਨ ਕਰਨਾ ਮਨ੍ਹਾਂ ਹੈ। ਇਹ ਸੰਸਕਾਰ ਹਿੰਦੂਧਰਮ ਵਿਚ ਪ੍ਰਵੇਸ਼ ਪਾਉਣ ਲਈ ਉੱਨਾ ਹੀ ਜ਼ਰੂਰੀ ਹੈ, ਜਿੰਨਾਂ ਸਿੱਖਾਂ ਵਾਸਤੇ ਅੰਮ੍ਰਿਤ ਛਕਣਾ :–

(4) **ਮੁੰਡਨ ਸੰਸਕਾਰ** :- ਪੁਰਾਣੇ ਸਮੇਂ ਵਿਚ ਸਭ ਕੇਸ ਰਖਦੇ ਸਨ ਅਤੇ ਕੇਸਾਂ ਦਾ ਕਟਣਾ ਵੱਡਾ ਪਾਪ ਗਿਣਿਆ ਜਾਂਦਾ ਸੀ ਅਤੇ ਅਪਰਾਧ ਦੇ ਦੰਡ ਵਜੋਂ ਕੇਸ ਕਤਲ ਕੀਤੇ ਜਾਂਦੇ ਸਨ। ਪਰ ਹੁਣ ਹਿੰਦੂ ਬਚਿਆਂ ਦੇ ਕੇਸ ਮੁੰਨਣ ਲਈ ਵਿਸ਼ੇਸ਼ ਮੁੰਡਣ ਸੰਸਕਾਰ ਕੀਤੇ ਜਾਂਦੇ ਹਨ।

(5) **ਵਿਆਹ ਸੰਸਕਾਰ** :- ਮਨੂਸਿਮ੍ਰਤੀ ਵਿਚ ਅਠ ਪ੍ਰਕਾਰ ਦੇ ਵਿਆਹ ਲਿਖੇ ਗਏ ਹਨ। ਉਹ ਹਨ (1) ਬ੍ਰਹਮ ਵਿਆਹ, ਭਾਵ ਵਰ ਨੂੰ ਘਰ ਸੱਦ ਕੇ ਗਹਿਣਿਆਂ ਸਮੇਤ ਲੜਕੀ ਦੇਣੀ, (2) ਦੈਵ-ਵਿਆਹ, ਭਾਵ ਯਗ ਕਰਾਉਣ ਵਾਲੇ ਰਿਵਾਜ ਅਨੁਸਾਰ ਕੰਨਿਆਂ ਦਾਨ ਕਰਨੀ, (3) ਅਸੁਰ-ਵਿਆਹ, ਭਾਵ ਵਰ ਪਾਸੋਂ ਦੋ ਬੈਲਾਂ ਦੇ ਬਦਲੇ ਲੜਕੀ ਦੇਣੀ (4) ਪ੍ਰਜਾ-ਪਤੀ ਵਿਆਹ ਭਾਵ ਧੰਨ ਲੈ ਕੇ ਕੰਨਿਆ ਦੇਣੀ (6) ਗਾਂਦ੍ਰਵ ਵਿਆਹ, ਭਾਵ ਸ਼ਾਦੀ ਤੋਂ ਪਹਿਲਾਂ ਹੀ ਲੜਕੇ-ਲੜਕੀ ਦਾ ਮੇਲ ਮਿਲਾਪ ਹੋ ਜਾਣਾ (7) ਰਾਖਸ਼-ਵਿਆਹ, ਭਾਵ ਜੰਗ ਵਿਚ ਜਿਤ ਕੇ ਕੰਨਿਆਂ ਵਿਆਹੁਣੀ, (8) ਪੈਸਾਚ-ਵਿਆਹ, ਅਰਥਾਤ ਜ਼ੋਰ ਜ਼ਬਰ ਨਾਲ, ਰੋਂਦੀ ਕੁਰਲਾਉਂਦੀ ਲੜਕੀ ਨੂੰ ਚੁੱਕ ਕੇ ਲੈ ਜਾਣਾ। ਉੱਝ ਹਿੰਦੂਆਂ ਵਿਚ 'ਸੁਯੰਬਰ ਵਿਆਹ ਦੀ ਰਸਮ ਵੀ ਪ੍ਰਚਲਿਤ ਰਹੀ ਹੈ। ਅਜ-ਕਲ ਵੇਦੀ ਦੁਆਲੇ ਸੱਤ ਫੇਰੇ ਲੈ ਕੇ ਵਿਆਹ ਕੀਤਾ ਜਾਂਦਾ ਹੈ। ਉਸ ਸਮੇਂ ਵੇਦ-ਮੰਤਰ ਪੜ੍ਹੇ ਜਾਂਏ ਹਨ ਅਤੇ ਅਗਨੀ ਦੇਵਤੇ ਨੂੰ ਅਹੂਤੀ ਦਿਤੀ ਜਾਂਦੀ ਹੈ।

ਹਿੰਦੂਸ਼ਾਸਤਰਾਂ ਅਨੁਸਾਰ ਦੁਬਾਰਾ ਵਿਆਹ (ਪੁਨਰ-ਵਿਆਹ) ਕਰਨ ਦੀ ਇਜਾਜਤ ਨਹੀਂ ਹੈ। ਇਸਦੇ ਉਲਟ ਜੇ ਪਤੀ ਦੀ ਮੌਤ ਹੋ ਜਾਵੇ ਤਾਂ ਇਸਤ੍ਰੀ ਨੂੰ ਵੀ ਪਤੀ ਦੀ ਚਿਖਾ ਵਿਚ ਹੀ ਸੜ-ਮਰਨ ਦਾ ਵਿਧਾਨ ਹੈ, ਜਿਸ ਨੂੰ ਸਤੀ ਹੋਣਾ ਆਖਦੇ ਹਨ।

(6) **ਮ੍ਰਿਤਕ ਸੰਸਕਾਰ** :- ਗਰੁੜ-ਪੁਰਾਣ ਵਿਚ ਮ੍ਰਿਤਕ ਸੰਸਕਾਰ ਦਾ ਲੰਮਾ ਚੌੜਾ ਵੇਰਵਾ ਦਿਤਾ ਗਿਆ ਹੈ। ਮਰਨ ਵਾਲੇ ਪ੍ਰਾਣੀ ਨੂੰ ਮੰਜੇ ਤੋਂ ਲਾਹ ਕੇ ਭੁੰਜੇ ਲਿਟਾ ਦਿਤਾ ਜਾਂਦਾ ਅਤੇ ਉਸ ਦੀ ਤਲੀ ਉਤੇ ਦੀਵਾ ਜਗਾ ਕੇ ਰਖਦੇ ਹਨ, ਤਾਂ ਜੋ ਉਸ ਦੇ ਚਾਨਣ ਨਾਲ ਪ੍ਰਾਣੀ ਨਵੇਂ ਅਣਪਛਾਤੇ ਤੇ ਹਨੇਰੇ ਪੈਂਡੇ ਨੂੰ ਤੈਹ ਕਰ ਸਕੇ। ਦੀਵੇ ਵਿਚ ਬ੍ਰਾਹਮਣ ਦੀ ਭੇਟਾ ਲਈ ਸੋਨੇ-ਚਾਂਦੀ ਦਾ ਸਿਕਾ ਜਾਂ ਰੁਪਏ ਆਦਿ ਦਾ ਸਿਕਾ ਪਾਇਆ ਜਾਂਦਾ ਹੈ। ਫਿਰ ਮ੍ਰਿਤਕ ਨੂੰ ਫਟੇ ਉਤੇ ਪਾ ਕੇ ਸ਼ਮਸ਼ਾਨ ਭੂਮੀ ਵਲ ਲਿਜਾਂਦੇ ਹਨ। ਅਧੇ ਰਸਤੇ ਵਿਚ ਜਾ ਕੇ ਫੱਟਾ ਫਿਰ ਜ਼ਮੀਨ ਤੇ ਰਖ ਦਿੰਦੇ ਹਨ ਅਤੇ ਕੋਰਾ ਭਾਂਡਾ ਘੜਾ ਆਦਿ (ਜੋ ਘਰੋਂ ਨਾਲ ਲਿਜਾਂਦੇ ਹਨ) ਭੰਨਦੇ ਹਨ, ਮ੍ਰਿਤਕ ਦਾ ਪੁੱਤਰ ਉੱਚੀ ਉੱਚੀ ਢਾਹਾਂ ਮਾਰਦਾ ਹੈ। ਇਸ ਨੂੰ ਅਧ-ਮਾਰਗ ਆਖਦੇ ਹਨ। ਸਸਕਾਰ ਕਰਨ ਸਮੇਂ ਬ੍ਰਾਹਮਣ ਕੁਝ ਮੰਤਰ ਪੜ੍ਹਦਾ ਹੈ। ਮ੍ਰਿਤਕ ਦਾ ਪੁੱਤਰ ਅਗ ਲਾਉਂਦਾ ਹੈ। ਫਿਰ ਡੰਡੇ ਨਾਲ ਮ੍ਰਿਤਕ ਦਾ ਸਿਰ ਫੇਹ ਦਿਤਾ ਜਾਂਦਾ ਹੈ, ਇਸ ਨੂੰ ਕਪਾਲ ਕਿਰਿਆ ਕਹਿੰਦੇ ਹਨ। ਚੌਥੇ ਦਿਨ ਸਸਕਾਰ ਵਾਲੀ ਥਾਂ ਵਿਚੋਂ ਸੜਨੋਂ ਬਚ ਰਹੀਆਂ ਹੱਡੀਆਂ (ਫੁੱਲ) ਚੁਣੀਆਂ ਜਾਂਦੀਆਂ ਹਨ, ਜੋ ਹਰਿਦੁਆਰ ਜਾ ਕੇ ਗੰਗ ਵਿਚ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਦਾ ਕੋਈ ਮਰਦਾ ਹਨ, ਜੋ ਹਰਿਦੁਆਰ ਜਾ ਕੇ ਗੰਗਾ ਵਿਚ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਦਾ ਕੋਈ ਮਰਦਾ ਹੈ, ਉਨ੍ਹਾਂ ਦੇ ਘਰ 13 ਦਿਨ ਇਸਤ੍ਰੀਆਂ-ਮਰਦ ਆ ਕੇ ਸੌਂਦੇ ਹਨ। ਰੋਜ਼ ਸਵੇਰੇ ਮ੍ਰਿਤਕ ਦਾ ਪੁੱਤਰ ਜਾਂ ਹੋਰ ਨਜ਼ਦੀਕੀ ਰਿਸ਼ਤੇਦਾਰ ਢਾਹ ਮਾਰਦਾ ਹੈ (ਉੱਚੀ ਉੱਚੀ ਰੋਂਦਾ ਹੈ।) ਵਿਸਵਾਸ਼

ਕੀਤਾ ਜਾਂਦਾ ਹੈ ਕਿ ਮ੍ਰਿਤਕ ਦੀ ਆਤਮਾ ਘਰ ਦੇ ਦੁਆਲੇ ਘੁੰਮਦੀ ਰਹਿੰਦੀ ਹੈ। ਢਾਂਹ ਉਸ ਨੂੰ ਡਰਾਉਣ ਲਈ ਮਾਗੀ ਜਾਂਦੀ ਹੈ। 13ਵੇਂ ਦਿਨ ਅਚਾਰਜੀ ਆ ਕੇ 'ਕਿਰਿਆ' ਕਰਾਉਂਦਾ ਹੈ। ਸ਼ਾਸਤਰਾਂ ਅਨੁਸਾਰ ਪਿਤਰ ਲੋਕ ਵਿਚ ਪਹੁੰਚਣ ਲਈ 360 ਦਿਨ ਲਗਦੇ ਹਨ। ਇਸ ਵਾਸਤੇ ਕਿਰਿਆ ਸਮੇਂ 360 ਦੀਵੇ (ਵੱਟੀਆਂ, ਤੇਲ ਸਮੇਤ) ਦੇਣ ਦਾ ਵਿਧਾਨ ਹੈ। ਇਕ ਸਾਲ ਤਕ ਬ੍ਰਾਹਮਣ ਨੂੰ ਭੋਜਨ ਛਕਾਉਣ ਦਾ ਵਿਧਾਨ ਵੀ ਹੈ। ਸਸਕਾਰ 'ਤੋਂ ਦਸ ਦਿਨਾਂ ਤਕ ਗਰੁੜ ਪੁਰਾਣ ਦੀ ਕਥਾ ਕੀਤੀ ਜਾਂਦੀ ਹੈ।

ਹਰ ਸਾਲ ਅਸੂਦੇ ਮਹੀਨੇ ਵਿਚ ਸਰਾਧਾਂ ਵਿਚ ਬ੍ਰਾਹਮਣ ਨੂੰ ਭੋਜਨ ਖੁਆਇਆ ਜਾਂਦਾ ਹੈ ਅਤੇ ਨਿਤ-ਵਰਤੋਂ ਦੀਆਂ ਹੋਰ 13 ਵਸਤਾਂ ਦਿਤੀਆਂ ਜਾਦੀਆਂ ਹਨ। ਵਿਸ਼ਵਾਸ਼ ਕੀਤਾ ਜਾਂਣਾ ਹੈ ਕਿ ਬ੍ਰਾਹਮਣ ਨੂੰ ਦਿਤਾ ਦਾਨ ਤੇ ਖੁਆਇਆ ਭੋਜਨ ਮ੍ਰਿਤਕ ਪ੍ਰਾਣੀ ਨੂੰ ਪਹੁੰਚ ਜਾਵੇਗਾ।

ਜੇ ਮ੍ਰਿਤਕ ਦੀ ਦੀਵਾ-ਵੱਟੀ ਨਾ ਹੋ ਸਕੇ, ਤਾਂ ਗਇਆ ਅਤੇ ਪਹੋਏ ਆਦਿ ਜਾ ਕੇ ਜਵਾਂ ਦੇ ਆਟੇ ਦੇ ਪੇੜੇ (ਪਿੰਡ) ਦਾਨ ਕੀਤਾ ਜਾਂਦੇ ਹਨ।

(7) **ਸੂਤਕ ਪਾਤਕ** : ਬੱਚਿਆਂ ਦੇ ਜਨਮ ਸਮੇਂ (ਹਿੰਦੂਵਿਸ਼ਵਾਸਾਂ ਮੁਤਾਬਿਕ) ਬ੍ਰਾਹਮਣਾਂ ਦੇ ਘਰ 11 ਦਿਨ, ਖਤਰੀਆਂ (ਕਸ਼ੱਤਰੀਆਂ) ਦੇ ਘਰ 13 ਦਿਨ, ਵੈਸ਼ਾਂ ਦੇ 17 ਦਿਨ ਅਤੇ ਸ਼ੂਦਰਾਂ ਦੇ 30 ਦਿਨ ਤਕ ਅਸ਼ੁਧੀ ਰਹਿੰਦੀ ਹੈ, ਜਿਸ ਨੂੰ ਸੂਤਕ ਕਹਿੰਦੇ ਹਨ। ਇਵੇਂ ਹੀ ਮੌਤ ਦੇ ਮਗਰੋਂ ਅਤੇ ਕਸ਼ੱਤਰੀ ਦੇ 10 ਦਿਨ, ਵੈਸ਼ ਦੇ 15 ਅਤੇ ਸ਼ੂਦਰ ਦੇ 30 ਦਿਨ ਅਸ਼ੁਧੀ ਰਹਿੰਦੀ ਹੈ, ਜਿਸਨੂੰ ਪਾਤਕ ਕਹਿੰਦੇ ਹਨ। ਇਨ੍ਹਾਂ ਅਖੌਤੀ 'ਅਸ਼ੁਧੀਆਂ' ਨੂੰ ਕੇਵਲ ਬ੍ਰਾਹਮਣ ਹੀ ਦੂਰ ਕਰ ਸਕਦਾ ਹੈ। ਇਸ ਲਈ ਇਨ੍ਹਾਂ ਸਮਿਆਂ ਤੇ ਬ੍ਰਾਹਮਣ ਪੂਜਾ ਪਾਠ ਕਰਦਾ ਅਤੇ ਦਾਨ ਲੈਂਦਾ ਹੈ।

(8) **ਵਰਤ** :- ਹਿੰਦੂਆਂ ਵਿਚ ਵਰਤ ਰਖਣ ਦਾ ਵਹਿਮ ਬਹੁਤ ਪ੍ਰਚਲਿਤ ਹੈ। ਵਰਤ ਸਮੇਂ ਭੁਖੇ ਰਿਹਾ ਜਾਦਾ ਹੈ।- ਅੰਨ ਨਹੀਂ ਛਕਿਆ ਜਾਂਦਾ। ਹਿੰਦੂਇਸਤਰੀਆਂ ਦੇ ਜੀਵਨ ਦਾ ਤਾਂ ਇਹ ਇਕ ਖਾਸ ਅੰਗ ਬਣ ਗਏ ਹਨ। ਸੰਘੜ ਦੇਵਤੇ ਦਾ ਵਰਤ, ਅਹੋਈ ਮਹਾਂ-ਲਖਮੀ ਦਾ ਵਰਤ, ਕਰਵਾ ਚੌਥ ਦਾ ਵਰਤ, ਨੌਰਾਤਿਆਂ ਦਾ ਵਰਤ, ਇਕਾਦਸ਼ੀ ਚੰਦਸ ਦਾ ਵਰਤ, ਸੰਤੋਸ਼ੀ ਮਾਤਾ ਆਦਿਕ ਦੇਵੀਆਂ ਦੇ ਵਰਤ ਤੇ ਹੋਰ ਅਨੇਕਾਂ ਹੀ ਵਰਤ ਹਨ। ਇਨ੍ਹਾਂ ਵਰਤਾਂ ਦੇ ਦਿਨਾਂ ਦੇ ਵੱਖ ਵੱਖ ਆਹਾਰ ਹਨ ਤੇ ਵੱਖ ਵੱਖ ਰਸਮਾਂ ਹਨ। ਕਿਤੇ ਤੁਲਹੇ ਬਣਾ ਕੇ ਦੀਵੇ ਪਾਣੀ ਵਿਚ ਤਾਰਨੇ, ਕਿਤੇ ਮਲ੍ਹਿਆਂ (ਇਕ ਪੌਦਾ) ਨੂੰ ਆਟੇ ਦੇ ਬੇਰ ਬਣਾ ਕੇ ਲਾਉਣੇ, ਕਿਤੇ ਚੰਦ ਚੜ੍ਹੇ ਤੇ ਪਾਣੀ ਪੀਣਾ' ਦੇ ਬੋਲਾ ਨਾਲ ਥਾਲ ਵਟਾਉਣੇ ਇਤਿਆਦਿਕ। ਖੁਰਾਕ ਵੀ (ਵਰਤ ਮਗਰੋਂ) ਵੱਖ ਵੱਖ, ਕਿਤੇ ਸੇਵੀਆਂ, ਕਿਤੇ ਫਿਣੀਆਂ, ਕਿਤੇ ਚਗ੍ਹੀ ਦੀ ਚੂਰੀ, ਕਿਤੇ ਸੀਰਾ ਕਿਤੇ ਸਿਉਲ, ਕਿਤੇ ਫਲ ਆਦਿ।

(9) **ਹਿੰਦੂਆਂ ਦੇ ਦਸ ਪੁਰਬ** :- ਇਹ 'ਪੁਰਬ' ਇਸ ਪ੍ਰਕਾਰ ਹਨ: ਅਠੇ, ਚੌਭੇ, ਪੂਰਨਮਾਸ਼ੀ ਮੌਸ, ਸੰਕ੍ਰਾਂਤ (ਸੰਗ੍ਰਾਂਦ), ਉਤ੍ਰਾਯਣ, ਦਖਣਾਯਣ, ਵਯਤਿਪ੍ਰਾਤ, ਸੂਰਜ ਅਤੇ ਚੰਦਰ ਗ੍ਰਹਿਣ।

(10) **ਹਿੰਦੂਆਂ ਦੇ ਪ੍ਰਸਿਧ ਤਿਉਹਾਰ** :- ਰਾਮ ਨੌਮੀ (ਸ੍ਰੀ ਰਾਮ ਚੰਦਰਦਾ ਜਨਮ ਦਿਵਸ), ਜਨਮ ਅਸ਼ਟਮੀ (ਸ੍ਰੀ ਕ੍ਰਿਸ਼ਨ ਦਾ ਜਨਮ ਦਿਵਸ), ਹੋਲੀ, ਦੁਸਹਿਰਾ, ਦੀਵਾਲੀ, ਭਈਆ ਦੂਜ ਰਖੜੀ, ਬਸੰਤ ਪੰਚਮੀ ਆਦਿ।

ਸਨਾਤਨਧਰਮ ਅਤੇ ਗੁਰਮਤਿ : –'ਸਨਾਤਨ' ਦਾ ਅਰਥ ਹੈ ਬਹੁਤ ਪੁਰਾਣਾ ਅਥਵਾ ਅਨਾਦਿ ਕਾਲ ਦਾ। ਸੋ ਮੁਢਲੇ ਹਿੰਦੂਧਰਮ ਨੂੰ ਸਨਾਤਨ ਧਰਮ ਕਿਹਾ ਜਾਂਦਾ ਹੈ। ਇਸ ਵਿਚ ਵੇਦਾਂ, ਸ਼ਾਸਤਰਾਂ, ਪੁਰਾਣਾਂ ਅਤੇ ਸਿਮ੍ਰਤੀਆਂ ਦਾ ਧਰਮ ਆ ਜਾਂਦਾ ਹੈ। ਹੇਠਾਂ ਇਨ੍ਹਾਂ ਧਰਮ ਪੁਸਤਕਾਂ ਦੇ ਆਧਾਰ ਉਤੇ ਬਣੇ 'ਧਰਮ' ਦੇ ਮੁਖ ਲਛਣ ਅਤੇ ਉਨ੍ਹਾਂ ਬਾਰੇ ਸਿੱਖ ਧਰਮ ਦੇ ਵਿਚਾਰ ਅੰਕਿਤ ਕੀਤੇ ਜਾਂਦੇ ਹਨ :–

1. **ਵੇਦਾਂ ਦੀ ਪ੍ਰਭੁਤਾਂ :–** ਸਨਾਤਨੀ ਧਰਮ ਵਿਚ ਵੇਦਾਂ ਨੂੰ ਸਰਬੋਤਮ ਧਰਮ ਪੁਸਤਕ ਮੰਨਿਆ ਗਿਆ ਹੈ। ਇਹ ਹਿੰਦੂਧਰਮ ਦਾ ਆਧਾਰ ਹਨ। ਹਿੰਦੂਆਂ ਦਾ ਨਵਾਂ ਫਿਰਕਾ 'ਆਰੀਆ ਸਮਾਜ' ਅਜ ਵੀ ਵੇਦਾਂ ਦਾ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ। ਪਹਿਲਾਂ ਹਿੰਦੂਆਂ ਦਾ ਵਿਸ਼ਵਾਸ ਸੀ ਕਿ ਜਿਹੜੇ ਮਨੁੱਖ ਵੇਦਾਂ ਨੂੰ ਮੰਨਦੇ ਹਨ, ਉਹ 'ਆਸਤਕ' ਹਨ ਅਤੇ ਜਿਹੜੇ ਵੇਦਾਂ ਨੂੰ ਨਹੀਂ ਮੰਨਦੇ ਉਹ 'ਨਾਸਤਕ' ਹਨ। ਪ੍ਰਾਚੀਨ ਮੱਤਾਂ ਦਾ ਵੀ ਇਸੇ ਆਧਾਰ ਉਤੇ ਨਿਰਣਾ ਕੀਤਾ ਜਾਦਾ ਸੀ। ਬੁੱਧ ਮੱਤ, ਜੈਨ ਮੱਤ ਅਤੇ ਚਾਰਵਾਕ ਮੱਤ ਕਿਉਂਕਿ ਵੇਦਾਂ ਦੀ ਪ੍ਰਭੁਤਾ ਨਹੀਂ ਸਵੀਕਾਰਦੇ, ਇਸ ਕਰਕੇ ਪ੍ਰਾਚੀਨ ਹਿੰਦੂਵਿਦਵਾਨ ਇਨ੍ਹਾਂ ਮੱਤਾਂ ਨੂੰ 'ਨਾਸਤਕ ਮੱਤ' ਆਖਦੇ ਰਹੇ ਹਨ।

ਸਿੱਖ ਧਰਮ :– ਵੇਦਾਂ ਦੀ ਪ੍ਰਭੁਤਾ ਨੂੰ ਨਹੀਂ ਸਵੀਕਾਰਦਾ, ਸਗੋਂ ਵੇਦਾਂ ਦੇ ਵਿਚਾਰਾਂ, ਦੇਵੀ ਦੇਵਤਿਆਂ ਦੀ ਪੂਜਾ, ਕੁਦਰਤੀ ਸ਼ਕਤੀਆਂ ਦੀ ਪੂਜਾ, ਯੱਗਾਂ, ਬਲੀ ਦੇਣ ਅਤੇ ਵਰਣ-ਵੰਡ ਤੇ ਆਸ਼ਰਮ ਧਰਮ ਆਦਿ ਦਾ ਖੁਲ੍ਹ ਕੇ ਵਿਰੋਧ ਕਰਦਾ ਹੈ। ਸਿੱਖ ਧਰਮ ਇਕ ਪ੍ਰਭੂਵਿਚ ਵਿਸ਼ਵਾਸ ਅਤੇ ਨਾਮ ਸਿਮਰਨ (ਪ੍ਰਭੂਦੀ ਸਿਫਤ-ਸਲਾਹ) ਉਤੇ ਸਭ ਤੋਂ ਵਧ ਜ਼ੋਰ ਦਿੰਦਾ ਹੈ, ਜਦੋਂ ਕਿ ਵੇਦਾਂ ਵਿਚ ਪ੍ਰਭੂ(ਅਕਾਲ ਪੁਰਖ) ਦੀ ਹੋਂਦ ਬਾਰੇ ਬਹੁਤ ਹੀ ਘਟ (ਨਾ ਹੋਣ ਦੇ ਬਰਾਬਰ) ਵਿਚਾਰ ਦਿਤੇ ਗਏ ਹਨ। ਵੇਦਾਂ ਅਤੇ ਸਨਾਤਨ ਧਰਮ ਦੀਆਂ ਹੋਰ ਪੁਸਤਕਾਂ, ਸ਼ਾਸ਼ਤਰਾਂ, ਸਿਮ੍ਰਤੀਆਂ ਆਦਿਕ ਬਾਰੇ ਗੁਰੂਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਦੇ ਫੁਰਮਾਨ ਹਨ :–

**ਬੇਦ ਕਤੇਬ ਸਿਮ੍ਰਿਤ ਸਭਿ ਸਾਸਤ, ਇਨ੍ਹ ਪੜਿਆ ਮੁਕਤਿ ਨ ਹੋਈ** (ਸੂਹੀ ਮਹਲਾ 5, ਪੰਨਾ 747)

**– ਬੇਦ ਕਤੇਬ ਇਫਤਰਾ ਭਾਈ, ਦਿਲ ਦਾ ਫਿਕਰੁ ਨ ਜਾਇ ॥** (ਤਿਲੰਗ ਕਬੀਰ ਜੀ, ਪੰਨਾ 727)

**– ਪੜ੍ਹ ਪੜ੍ਹ ਪੰਡਿਤ ਮੋਨੀ ਥਕੇ, ਵੇਦਾਂ ਕਾ ਅਭਿਆਸ ॥**
**ਹਰਿਨਾਮੁ ਚਿਤਿ ਨ ਆਵਈ, ਨਹ ਨਿਜ ਘਰਿ ਹੋਵੈ ਵਾਸੁ ॥** (ਮਲਾਰ ਮ: 3, ਪੰਨਾ 1277)

ਸਿੱਖ ਧਰਮ ਵਿਚ, ਗੁਰਬਾਣੀ ਵਿਚਲੇ ਵਿਚਾਰਾਂ ਸਿਧਾਂਤਾਂ ਨੂੰ ਹੀ ਅੰਤਮ ਸਚ ਮੰਨਿਆ ਗਿਆ ਹੈ :

**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥**
**ਹੋਰ ਕਥਨੀ ਬਦਉ ਨ, ਸਗਲੀ ਛਾਰੁ ॥** (ਰਾਮਕਲੀ ਮ: 4, ਪੰਨਾ 9●4)

**–ਸਤਿਗੁਰ ਕੀ ਬਾਣੀ, ਸਤਿ ਸਤਿ ਕਰ ਜਾਣਹੁ ਗੁਰ ਸਿਖਹੁ,**
**ਹਰਿ ਕਰਤਾ ਆਪਿ ਮੁਹਹੁ ਕਢਾਏ ॥** (ਗਉੜੀ ਵਾਰ, ਮ: 4, ਪੰਨਾ 3●8)

**ਦੇਵੀ-ਦੇਵਤਿਆਂ ਦੀ ਹੋਂਦ ਵਿਚ ਵਿਸ਼ਵਾਸ਼ :–** ਸਨਾਤਨੀ ਧਰਮ ਵਿਚ ਕੁਦਰਤੀ ਸ਼ਕਤੀਆਂ ਨੂੰ

ਦੇਵੀ-ਦੇਵਤਿਆਂ ਦੇ ਰੂਪ ਵਿਚ ਕਲਪ ਕੇ ਉਨ੍ਹਾਂ ਦੀ ਪੂਜਾ ਦਾ ਰਿਵਾਜ ਰਿਹਾ ਹੈ। ਅਗਨੀ, ਸੂਰਜ,ਮੀਂਹ (ਇੰਦਰ), ਵਰੁਣ, ਉਸ਼ਾ ਆਦਿਕ ਅਨੇਕਾਂ ਹੀ ਦੇਵਤੇ ਮੰਨੇ ਗਏ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼ (ਸ਼ਿਵ) ਤਿੰਨ ਵਡੇਂ ਦੇਵਤਾ ਹਨ। ਵਿਸ਼ਨੂੰਦੇ 24 ਅਵਤਾਰ ਮੰਨੇ ਗਏ ਹਨ। ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਇਨ੍ਹਾਂ ਵਿਚ ਹੀ ਆਉਂਦੇ ਹਨ। ਵਿਸ਼ਵਕਰਮਾ, ਗਣੇਸ਼, ਬ੍ਰਹਸਪਤੀ, ਸੋਮ, ਦਿਤੀ, ਅਦਿਤੀ, ਸਰਸਵਤੀ ਸਵਿਤਰੀ, ਪਾਰਬਤੀ, ਦੁਰਗਾ, ਵੈਸ਼ਨੋ ਦੇਵੀ ਆਦਿ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਸਿੱਖ ਧਰਮ ਵਿਚ ਦੇਵੀ ਦੇਵਤਿਆ ਵਿਚ ਵਿਸ਼ਵਾਸ ਰਖਣ ਅਤੇ ਉਨ੍ਹਾਂ ਦੀ ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਕੇਵਲ ਇਕ ਅਕਾਲ ਪੁਰਖ ਦੀ ਸਿਫਤ-ਸਲਾਹ ਦਾ ਉਪਦੇਸ਼ ਦਿਤਾ ਗਿਆ ਹੈ:-

**- ਮਾਇਆ ਮੋਹੇ ਸਭ ਦੇਵੀ ਦੇਵਾ ॥** (ਗਉੜੀ ਮ: 3,)

**- ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ॥**
**ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ, ਹਰਿ ਗੁਰਮੁਖਿ ਸੋਝੀ ਪਾਈ ॥** (ਸੂਹੀ ਮ: 4, ਪੰਨਾ 734)

**- ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ਅਵਰੁ ਨ ਦੀਸੈ ਏਕੋ ਸੋਈ ॥** (ਪੰਨਾ 1034)

**- ਜਉ ਚਾਚਉ ਤਉ ਕੇਵਲ ਰਾਮ ॥ਆਨ ਦੇਵ ਸਿਉ ਨਾਹੀ ਕਾਮ ॥** (ਭੈਰਉ ਕਬੀਰ ਜੀ ਪੰਨਾ 1162)

**3. ਵਰਣ ਆਸ਼ਰਮ ਧਰਮ ਦੇ ਸਿਧਾਂਤ ਉਤੇ ਸਮਾਜਕ ਪ੍ਰਬੰਧ :-** ਰਿਗ ਵੇਦ ਅਤੇ ਸ਼ਾਸਤਰਾਂ ਵਿਚ ਸਮਾਜ ਦੀ ਚਾਰ ਵਰਨਾਂ ਵਿਚ ਵੰਡ ਦਾ ਸਿਧਾਂਤ ਮਿਲਦਾ ਹੈ। ਮਨੁੱਖਾਂ ਨੂੰ ਬ੍ਰਾਹਮਣ, ਖਤਰੀ (ਕਸ਼ੱਤਰੀ), ਵੈਸ਼ ਅਤੇ ਸ਼ੂਦਰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ। ਬ੍ਰਾਹਮਣ ਦਾ ਕੰਮ ਧਰਮ-ਪੁਸਤਕਾਂ ਦੀ ਪਾਠ ਪੂਜਾ, ਯੱਗ ਕਰਾਉਣਾ ਦੇ ਦਾਨ ਲੈਣਾ ਹਨ, ਖਤਰੀਆਂ ਦਾ ਕੰਮ ਜੰਗ-ਜੁਧ ਕਰਨਾ, ਵਿਦੇਸ਼ੀ ਹਮਲਾਵਰਾਂ ਤੇ ਜਨਤਾ ਨੂੰ ਬਚਾਉਣ ਹੈ ਤੇ ਰਾਜ ਕਰਨਾ ਹੈ, ਵੈਸ਼ ਵਿਓਪਾਰੀ ਵਰਗ ਨੂੰ ਆਖਿਆ ਗਿਆ ਹੈ ਅਤੇ ਸ਼ੂਦਰਾਂ ਦਾ ਫਰਜ਼ ਬਾਕੀ ਤਿੰਨ ਵਰਗਾਂ ਦੀ ਨਿਸ਼ਕਾਮ ਸੇਵਾ ਕਰਨਾ ਹੈ। ਸ਼ੂਦਰ ਵਰਗ ਸਭ ਤੋਂ ਨੀਚ ਵਰਗ ਗਿਣਿਆ ਜਾਂਦਾ ਸੀ। ਇਨ੍ਹਾਂ ਨਾਲ ਪਸ਼ੂਆਂ ਤੋਂ ਵੀ ਬੁਰਾ ਸਲੂਕ ਹੁੰਦਾ ਸੀ । ਬਾਕੀ ਦੇ ਤਿੰਨ ਵਰਗਾਂ ਦੇ ਲੋਕ ਇਨ੍ਹਾਂ ਦੀ ਛੋਹ ਤੋਂ ਵੀ ਘਬਰਾਉਂਦੇ ਸਨ, ਆਪਣੇ ਉਤੇ ਇਨ੍ਹਾਂ ਦਾ ਪਰਛਾਵਾਂ ਵੀ ਨਹੀਂ ਸਨ ਪੈਣ ਦਿੰਦੇ। ਇਨ੍ਹਾਂ ਅਛੂਤਾਂ (ਸ਼ੂਦਰਾਂ) ਦੇ ਘਰ ਵੀ ਪਿੰਡ ਦੇ ਇਕ ਪਾਸੇ ਹੁੰਦੇ ਸਨ। ਵਰਣ-ਵੰਡ ਜਨਮ ਤੋਂ ਹੀ ਮੰਨੀ ਜਾਂਦੀ ਹੈ। ਇਸ ਨੇ ਕਈ ਜਾਤਾਂ ਤੇ ਉਪ-ਜਾਤਾਂ ਨੂੰ ਜਨਮ ਦਿਤਾ ਇਸ ਬਾਰੇ ਰਿਗ ਵੇਦ ਵਿਚ ਇੰਝ ਲਿਖਿਆ ਹੋਇਆ ਹੈ:-

"ਜਦੋਂ ਉਨ੍ਹਾਂ (ਦੇਵਤਿਆਂ) ਨੇ ਪੁਰਸ਼ ਨੂੰ ਵੰਡਿਆ ਤੇ ਉਸ ਦੇ ਜਿਤਨੇ ਭਾਗ ਕੀਤੇ, ਉਨ੍ਹਾਂ ਨੇ ਉਸ ਦੇ ਮੂੰਹ ਤੇ ਭੁਜਾਵਾਂ (ਬਾਹਾਂ) ਨੂੰ ਕੀ ਆਖਿਆ? ਉਨ੍ਹਾਂ ਉਸ ਦੇ ਹਥਾਂ-ਪੈਰਾਂ ਨੂੰ ਕੀ ਆਖਿਆ? ਬ੍ਰਾਹਮਣ ਉਸ ਦਾ ਮੂੰਹ ਸੀ, ਅਤੇ ਉਸ ਦੀਆਂ ਚੋਵੇਂ ਭੁਜਾਵਾਂ ਖਤਰੀ ਬਣੇ। ਉਸ ਦੇ ਰਾਨਾਂ (ਪੱਟਾਂ) ਤੋਂ ਵੈਸ਼ ਬਣੇ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।"

(ਰਿਗ ਵੇਦ X-10, 11,12)

ਸਿੱਖ ਸਤਿਗੁਰੂਆਂ ਨੇ ਵਰਣ-ਵੰਡ ਦਾ ਆਪਣੀ ਬਾਣੀ ਵਿਚ ਖੰਡਨ ਕੀਤਾ ਅਤੇ ਸਭ ਨੂੰ ਇਕ ਪੰਗਤ ਵਿਚ ਲੰਗਰ ਛਕਾਉਣ ਤੇ ਇਕੋ ਸਰੋਵਰ ਵਿਚ ਇਸ਼ਨਾਨ ਕਰਾਉਣ ਦੇ ਅਮਲੀ ਸਾਧਨ ਵਰਤ ਕੇ ਮਨੁੱਖਾਂ ਨੂੰ ਜਾਤ-ਪਾਤ ਦੇ ਕੋਹੜ ਤੋਂ ਬਚਾਉਣ ਦਾ ਪਰਉਪਕਾਰ ਕੀਤਾ। ਦਸਮ ਪਾਤਸ਼ਾਹ ਨੇ ਸਭ ਜਾਤਾਂ ਦੇ ਇਸਤਰੀ, ਮਰਦ ਤੇ ਬੱਚਿਆਂ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਜਾਤ-ਪਾਤ ਦੇ ਸਿਕੰਜੇ ਵਿਚੋਂ ਕਢਿਆ। ਗੁਰਬਾਣੀ ਜਾਤ ਪਾਤ ਦੇ ਬਾਰੇ ਇੰਝ ਅਗਵਾਈ ਦਿੰਦੀ ਹੈ:-

- **ਜਾਣਹੁ ਜੋਤਿ ਨ ਪੂਛਹੁ ਜਾਤੀ, ਅਗੈ ਜਾਤਿ ਨ ਹੇ ॥** (ਆਸਾ ਮ: 1, ਪੰਨਾ 349)

**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥** (ਵਾਰ ਆਸਾ ਮਹਲਾ 1, ਪੰਨਾ 469)

- **ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ ॥**

**ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥** (ਪ੍ਰਭਾਤੀ ਮ: 1, ਪੰਨਾ 133●)

ਮਨੁੱਖਾਂ ਨੂੰ ਚਾਰ ਜਾਤਾਂ ਵਿਚ ਵੰਡਣ ਦੀ ਤਰ੍ਹਾਂ ਹੀ, ਸਨਾਤਨ ਧਰਮ ਵਿਚ ਮਨੁੱਖ ਦੇ ਜੀਵਨ ਨੂੰ ਵੀ ਚਾਰ ਭਾਗਾਂ ਵਿਚ ਵੰਡਿਆ ਗਿਆ ਤੇ ਉਨ੍ਹਾਂ ਦੇ ਵੱਖਰੇ ਵੱਖਰੇ ਫਰਜ਼ ਨੀਅਤ ਕੀਤੇ ਗਏ ਹਨ। ਇਹ ਚਾਰ ਭਾਗ ਹਨ : ਬ੍ਰਹਮਚਰਯ ਆਸ਼ਰਮ, ਗ੍ਰਹਿਸਤ ਆਸ਼ਰਮ, ਵਾਨਪ੍ਰਸਤ ਆਸ਼ਰਮ ਅਤੇ ਸੰਨਿਆਸ ਆਸ਼ਰਮ। ਬ੍ਰਹਮਚਰਯ ਵਿਆਹੁਤਾ ਜੀਵਨ ਤੋਂ ਪਹਿਲਾਂ ਦਾ ਵਿਦਿਆ-ਪ੍ਰਾਪਤੀ ਦਾ ਪੜਾਅ ਹੈ, ਗ੍ਰਹਿਸਤ ਵਿਆਹੁਤਾ ਜੀਵਨ ਤੋਂ ਪਹਿਲਾਂ ਦਾ ਵਿਦਿਆ-ਪ੍ਰਾਪਤੀ ਦਾ ਪੜਾਅ ਹੈ, ਗ੍ਰਹਿਸਤ ਵਿਆਹੁਤਾ ਜੀਵਨ ਵਿਚ ਇਸਤ੍ਰੀ ਤੇ ਬਾਲ-ਬੱਚੇ ਨਾਲ ਰਹਿਣ ਦਾ ਸਮਾਂ ਹੈ, ਵਾਨਪ੍ਰਸਤ ਜ਼ੰਗਲਾਂ ਵਿਚ ਜਾ ਕੇ ਇਕਾਂਤਵਾਸ ਵਿਚ ਤਪ-ਸਾਧਨ ਦਾ ਸਮਾਂ ਹੈ ਅਤੇ ਸੰਨਿਆਸ ਰਮਤੇ ਸਾਧੂਆਂ ਵਾਲਾ ਜੀਵਨ ਹੈ, ਇਸ ਵਿਚ ਮੰਗ-ਪਿੰਨ ਕੇ ਭਿਖਿਆ ਉਪਰ ਨਿਰਬਾਹ ਕਰਨ ਦਾ ਵਿਧਾਨ ਹੈ। ਇੰਝ ਮਨੁੱਖ ਦੇ ਜੀਵਨ ਨੂੰ ਲਗਭਗ ਸੌ ਸਾਲ ਦਾ ਮਿਥ ਕੇ ਉਸ ਦੇ ਚਾਰ ਹਿਸੇ ਕੀਤੇ ਗਏ। ਇਸ ਨੂੰ 'ਆਸ਼ਰਮ-ਧਰਮ' ਕਹਿੰਦੇ ਹਨ।

**ਗੁਰਮਤਿ** : ਗੁਰਮਤਿ ਮਨੁੱਖ ਦੀ ਜ਼ਿੰਦਗੀ ਦੀ ਇਸ ਵੰਡ ਵਿਚ ਵਿਸ਼ਵਾਸ ਨਹੀਂ ਕਰਦੀ, ਕਿਉਂਕਿ ਮਨੁੱਖ ਦੀ ਉਮਰ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਕਈ ਜੰਮਦਿਆਂ ਹੀ ਮਰ ਜਾਂਦੇ ਹਨ, ਕਈ ਜੁਆਨੀ ਵਿਚ ਹੀ ਮਰ ਜਾਂਦੇ ਹਨ ਤੇ ਕਈ ਬਿਰਧ ਅਵਸਥਾ ਤਕ ਵੀ ਪੁਜ ਜਾਂਦੇ ਹਨ। ਇੰਝ ਆਸ਼ਰਮ ਧਰਮ ਆਪਣੇ ਆਪ ਹੀ ਰਦ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਤਾਂ ਜਦੋਂ ਵੀ ਮਨੁੱਖ ਹੋਸ਼ ਸੰਭਾਲ ਲਵੇ ਉਸ ਨੂੰ ਪ੍ਰਭੂ ਦੀ ਸਿਫਤ-ਸਲਾਹ ਵਿਚ ਲਗ ਜਾਣਾ ਚਾਹੀਦਾ ਹੈ- ਅੰਮ੍ਰਿਤ ਛਕ ਕੇ ਗੁਰੂਵਾਲਾ ਬਣ ਜਾਣਾ ਚਾਹੀਦਾ ਹੈ। ਗ੍ਰਿਹਸਤ ਮਾਰਗ ਨੂੰ ਗੁਰਮਤਿ ਵਿਚ ਪ੍ਰਧਾਨਤਾ ਦਿਤੀ ਗਈ ਹੈ। ਗੁਰਸਿੱਖ ਆਪਣੇ ਜੀਵਨ ਕਾਲ ਵਿਚ ਬਾਲ-ਬੱਚੀਆਂ ਵਿਚ ਰਹਿੰਦਿਆਂ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਕੰਮ-ਕਾਜ ਕਰਦੇ ਜਿਥੇ ਗੁਜ਼ਾਰਾ ਕਰਦਾ ਹੈ, ਉਥੇ ਆਪ ਨਾਮ ਜਪਣ ਅਤੇ ਹੋਰਨਾਂ ਨੂੰ ਨਾਮ ਜਪਾਉਣ ਦਾ ਕਾਰਜ ਕਰਦਾ ਰਹਿੰਦਾ ਹੈ। ਉਹ ਸਾਰੇ ਫ਼ਰਜ਼ਾਂ ਨੂੰ ਨਾਲੋ ਨਾਲ ਨਿਭਾਉਂਦਾ ਹੈ।

(4) **ਮੂਰਤੀ ਪੂਜਾ :-** ਸਨਾਤਨ ਧਰਮ ਵਿਚ ਵੱਖ-ਵੱਖ ਕਲਪਿਤ ਦੇਵੀ-ਦੇਵਤਿਆਂ ਦੀਆਂ ਮੂਰਤੀਆਂ (ਪੱਥਰਾਂ ਤੇ ਹੋਰ ਧਾਤਾਂ ਦੀਆਂ) ਬਣਾ ਕੇ ਉਨ੍ਹਾਂ ਦੀ ਪੂਜਾ ਕਰਨ ਦਾ ਵਿਧਾਨ ਹੈ। ਮੂਰਤੀ ਨੂੰ ਨੁਹਾਉਣਾ, ਟਿਕਾ ਲਾਉਣਾ, ਫੁਲਾਂ ਨਾਲ ਸ਼ਿੰਗਾਰਨਾ, ਉਸਦੀ ਉਸਤਤ ਵਿਚ ਭਜਨ ਗਾਉਣੇ, ਉਸ ਅਗੇ ਧੂਪ ਜਗਾਉਣੇ ਤੇ ਆਰਤੀ ਉਤਾਰਨੀ, ਭੋਗ ਲਾਉਣਾ ਆਦਿਕ ਅਨੇਕਾ ਕੰਮ ਇਸ ਪੂਜਾ ਵਿਚ ਸ਼ਾਮਿਲ ਹੁੰਦੇ ਹਨ।

ਗੁਰੂ-ਸਾਹਿਬਾਨ ਨੇ ਮੂਰਤੀ ਪੂਜਾ ਦੇ ਜ਼ੋਰਦਾਰ ਖੰਡਨ ਕੀਤਾ ਹੈ। ਉਨ੍ਹਾਂ ਦੇ ਕੁਝ ਵਿਚਾਰ ਹੇਠਾਂ ਅੰਕਿਤ ਕੀਤੇ ਜਾਂਦੇ ਹਨ :-

**ਹਿੰਦੂ ਮੂਲੇ ਭੂਲੇ ਅਖੁਟੀ ਜਾਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥**
**ਅੰਧ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥**
**ਓਹਿ ਜਾ ਆਪਿ ਡੁਬੇ, ਤੁਮ ਕਹਾਂ ਤਰਣਹਾਰੁ ॥**

(ਬਿਹਾਗੜਾ ਮ: 1)

**- ਜੋ ਪਾਥਰ ਕਉ ਕਹਤੇ ਦੇਵ ॥ ਤਾਂ ਕੀ ਬਿਰਥਾ ਹੋਵੈ ਸੇਵ ॥**
**ਜੋ ਪਾਥਰ ਕੀ ਪਾਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥**
**ਠਾਕੁਰ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥**
**ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥**

(ਭੈਰਉ ਮ: 5, ਪੰਨਾ 116●)

**ਕਾਹੇ ਕੋ ਪੂਜਤ-ਪਾਹਨ ਕੋ ਕਛ ਪਾਹਨ ਮੈਂ ਪਰਮੇਸਰ ਨਾਹੀਂ ॥**
**ਤਾਂਹੀ ਕੋ ਪੂਜ ਪ੍ਰਭੂ ਕਰ ਕੇ, ਜਿਹ ਪੂਜਤ ਹੀ ਅਘ ਓਘ ਮਿਟਾਹੀਂ ॥** (33 ਸਵੱਯੇ, ਪਾਂ :1●)

(5) **ਆਵਾਗਵਨ ਦਾ ਸਿਧਾਂਤ** : ਕਿਹਾ ਗਿਆ ਹੈ ਕਿ ਮਨੁਖ ਮਰਨ ਮਗਰੋਂ ਆਪਣੇ ਕੀਤੇ ਕੰਮਾਂ ਅਨੁਸਾਰ ਸਵੱਰਗਾਂ ਜਾਂ ਨਰਕਾਂ ਵਿਚ ਜਾਂਦਾ ਹੈ। ਸਵੱਰਗਾਂ ਵਿਚ ਸੁਖ, ਆਰਾਮ ਅਤੇ ਐਸ਼ ਪ੍ਰਸਤੀ ਦੇ ਅਨੇਕਾਂ ਸਾਧਨਾਂ ਦੀ ਪ੍ਰਾਪਤੀ ਹੁੰਦੀ ਹੈ, ਨਰਕਾਂ ਵਿਚ ਘੋਰ ਤਸੀਹੇ (ਸਰੀਰਕ ਕਸ਼ਟ) ਦਿਤੇ ਜਾਂਦੇ ਹਨ। ਆਤਮਾ ਦਾ ਵੱਖ ਵੱਖ ਜੂਨਾਂ ਵਿਚ ਚੱਕਰ ਕਟਣ ਦਾ ਵਿਚਾਰ ਵੀ ਦਿਤਾ ਗਿਆ ਹੈ।

**ਗੁਰਮਤਿ** : ਆਤਮਾ ਨੂੰ ਅਮਰ ਮੰਨਦੀ ਹੈ ਅਤੇ ਆਵਾਗਵਨ ਦੇ ਸਿਧਾਂਤ ਵਿਚ ਵਿਸ਼ਵਾਸ ਰਖਦੀ ਹੈ। ਸਵੱਰਗ, ਨਰਕ ਲਫ਼ਜ਼ ਗੁਰਬਾਣੀ ਵਿਚ ਵਰਤੇ ਤਾਂ ਗਏ ਹਨ (ਪਰ ਨਵੇਂ ਅਰਥਾਂ ਵਿਚ), ਪਰ ਇਨ੍ਹਾਂ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ। ਗੁਰਮਤਿ ਅਨੁਸਾਰ ਇਸ ਜੀਵਨ ਵਿਚ ਨਾਮ ਜਪਣ ਵਾਲੇ ਤੇ ਨੇਕ ਕੰਮ ਕਰਨ ਵਾਲੇ ਮਨੁਖਾਂ ਦੀ ਆਤਮਾ ਮੌਤ ਮਗਰੋਂ, ਪ੍ਰਭੂ ਦੀ ਆਤਮਾ (ਪਰਮ ਆਤਮਾ ਵਿਚ ਸਮਾ ਜਾਂਦੀ ਹੈ, ਉਵੇਂ ਹੀ ਜਿਵੇਂ ਨਦੀਆਂ ਨਾਲੇ ਸਮੁੰਦਰ ਵਿਚ ਸਮਾਂ ਜਾਂਦੇ ਹਨ। ਮੰਦ-ਕਰਮੀ ਬੰਦੇ ਵੱਖ ਵੱਖ ਜੂਨਾਂ ਵਿਚ ਪਾਏ ਜਾਂਦੇ ਹਨ ਤੇ ਇੰਝ ਪਾਪਾ ਦਾ ਫਲ ਭੋਗਦੇ ਹਨ।

(6) **ਵਰਤ ਰਖਣੈ** – ਸਨਾਤਨ ਧਰਮ ਵਿੱਚ ਅਨੇਕਾਂ ਹੀ ਵਰਤਾਂ ਦਾ ਵਿਧਾਨ ਹੈ। ਖ਼ਾਸ ਖ਼ਾਸ ਦਿਨਾਂ ਨੂੰ ਵਰਤ ਰਖੇ ਜਾਂਦੇ ਹਨ–ਅੰਨ ਨਹੀਂ ਖਾਇਆ ਜਾਂਦਾ। ਇਨ੍ਹਾਂ ਨਾਲ ਮਾਨਸਿਕ ਸ਼ੁਧੀ ਹੁੰਦੀ ਦਸੀ ਗਈ ਹੈ। ਮਹਾਤਮਾ ਗਾਂਧੀ ਲੰਮੇ–ਲੰਮੇ ਵਰਤ ਰੱਖਣ ਲਈ ਮਸ਼ਹੂਰ ਸਨ।

ਗੁਰਮਤਿ ਵਰਤਾਂ ਦਾ ਨਿਖੇਧ ਕਰਦੀ ਹੈ, ਕਿਉਂਕਿ ਇਨ੍ਹਾਂ ਨਾਲ ਨਾ ਤਾਂ ਮਨ ਪਵਿਤਰ ਹੁੰਦਾ ਹੈ ਅਤੇ ਨਾ ਹੀ ਇਹ ਮਨੁੱਖ ਦੇ ਆਚਰਣ ਨੂੰ ਉੱਚਾ ਚੁਕਣ ਵਿਚ ਸਹਾਈ ਹੁੰਦੇ ਹਨ, ਹਾਂ ਵਾਧੂਦਾ ਸਰੀਰਕ ਕਸ਼ਟ ਜਰੂਰ ਦਿੰਦੇ ਹਨ :

**– ਅੰਨ ਨ ਖਾਹਿ, ਦੇਹੀ, ਦੁਖ ਦੀਜੈ ।**
**ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ ॥** (ਰਾਮਕਲੀ ਮ: 1, ਪੰਨਾ 9●5)

**– ਬਰਤ ਨ ਰਹਉ, ਨ ਮਹ ਰਮਦਾਨਾਂ ॥ ਤਿਸ ਸੇਵੀ ਜੋ ਰਖੈ ਨਿਦਾਨਾ ॥** (ਭੈਰਉ ਮ: 5 ਪੰਨਾ 1336)

**– ਛੋਡਹਿ ਅੰਨ, ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥**
**ਅੰਨੇ ਬਿਨਾਂ ਨਾ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥** (ਗੋਂਡ ਕਬੀਰ ਜੀ, ਪੰਨਾ 873)

(7) **ਮੁਕਤੀ ਲਈ ਤੀਰਥ ਇਸ਼ਨਾਨ** : ਸਨਾਤਨੀ ਧਰਮ ਵਿਚ ਖ਼ਾਸ ਧਾਰਮਿਕ–ਅਸਥਾਨਾਂ ਉਤੇ ਦਰਿਆਵਾਂ ਦੇ ਕਿਨਾਰੇ ਜਾ ਕੇ ਇਸ਼ਨਾਨ ਕਰਨ ਤੇ ਦਾਨ ਕਰਨ ਨੂੰ ਬਹੁਤ ਮਹੱਤਤਾ ਦਿਤੀ ਗਈ ਹੈ। ਕਈ ਦਰਿਆਵਾਂ ਨੂੰ ਪਵਿਤਰ ਮੰਨਿਆ ਗਿਆ ਹੈ–ਜਿਵੇਂ ਗੰਗਾ ਅਤੇ ਜਮਨਾ। ਕੁਝ ਵਿਸ਼ੇਸ਼ ਤੀਰਥਾਂ ਉਤੇ (ਪ੍ਰਯਾਗ, ਪਹੋਆ ਆਦਿ) ਮ੍ਰਿਤਕ ਪ੍ਰਾਣੀ ਦੇ 'ਪਿੰਡ' ਦਾਨ ਕੀਤੇ ਜਾਂਦੇ ਹਨ ਹਰਿਦੁਆਰ ਵਿਚ (ਗੰਗਾ ਵਿੱਚ) ਮਿਤਕਾਂ ਦੀਆਂ ਹੱਡੀਆਂ (ਫੁੱਲ) ਪਾਈਆਂ ਜਾਂਦੀਆਂ ਹਨ ਤੇ ਦਾਨ ਕੀਤਾ ਜਾਂਦਾ ਹੈ। ਇਹ ਸਭ ਕੁਝ ਪ੍ਰਾਣੀ ਦੀ ਕਲਿਆਣ ਲਈ ਕੀਤਾ ਜਾਂਦਾ ਹੈ। ਕਾਂਸ਼ੀ (ਵਾਰਾਨਸੀ/ਬਨਾਰਸ) ਵਿਚ ਸਰੀਰ ਤਿਆਗਣ ਨਾਲ ਹੀ ਮੁਕਤੀ ਹੁੰਦੀ ਮੰਨੀ ਗਈ ਹੈ।

ਗੁਰਮਤਿ ਨੇ ਸਨਾਤਨੀ ਧਰਮ ਦੇ ਤੀਰਥਾਂ ਸਬੰਧੀ ਉਪਰੋਕਤ ਤੇ ਹੋਰ ਕਈ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ ਹੈ। ਇਨ੍ਹਾਂ ਨੂੰ ਫੋਕਟ ਕਰਮ ਆਖਿਆ ਗਿਆ ਹੈ। ਉਂਝ ਸਾਡੇ ਸਤਿਗੁਰੂ ਵੀ ਕਈ ਅਖੌਤੀ 'ਤੀਰਥਾਂ' ਉਤੇ ਗਏ ਸਨ; ਪਰ ਉਹ ਸ਼ਰਧਾ ਭਾਵਨਾ ਨਾਲ ਨਹੀਂ ਸਨ ਗਏ, ਸਗੋਂ ਕੁਰਾਹੀਆਂ ਨੂੰ ਰਾਹੇ ਪਾਉਣ ਗਏ ਸਨ। ਤੀਰਥਾਂ ਸਬੰਧੀ ਗੁਰਬਾਣੀ ਇੰਝ ਅਗਵਾਈ ਦਿੰਦੀ ਹੈ:–

**– ਤੀਰਥ ਨਾਇ ਨ ਉਤਰਸਿ ਮੈਲ ॥ ਕਰਮ ਧਰਮ ਸਭ ਹਉਮੈ ਫੈਲ ॥** (ਰਾਮਕਲੀ ਮਹਲਾ 5)

**– ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥** (ਵਡਹੰਸ ਮਹਲਾ 3 ਪੰਨਾ 558)

**– ਜਲ ਕੇ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥**
**ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥** (ਆਸਾ ਕਬੀਰ ਜੀ, 484)

ਗੁਰਮਤਿ ਵਿਚ ਗੁਰੂ ਦੀ ਸਿਖਿਆ ਨੂੰ ਹੀ ਤੀਰਥ ਕਿਹਾ ਗਿਆ ਹੈ। ਇਸ ਸਿਖਿਆ ਨੂੰ ਮੰਨਣਾ ਤੇ ਉਸ ਉਤੇ ਅਮਲ ਕਰਨਾ ਹੀ ਸਿੱਖਾਂ ਲਈ 'ਤੀਰਥ ਇਸ਼ਨਾਨ' ਹੈ:

**– ਤੀਰਥ ਪੂਰਾ ਸਤਿਗੁਰੂ, ਜੋ ਅਨਦਿਨ ਹਰਿ ਹਰਿ ਨਾਮ ਧਿਆਏ ॥** (ਵਾਰ ਮਾਝ ਮਹਲਾ 4)

**– ਤੀਰਥ ਨਾਵਨ ਜਾਉ, ਤੀਰਥ ਨਾਮ ਹੈ ॥**

**ਤੀਰਥ ਸਬਦ ਬੀਚਾਰ, ਅੰਤਰਿ ਗਿਆਨ ਹੈ ॥** (ਧਨਾਸਹੀ ਮਹਲਾ 1)

(8) ਉਪਰੋਕਤ ਮੁਖ ਵਿਸ਼ਵਾਸਾਂ ਤੋਂ ਸਿਵਾ ਸਨਾਤਨ ਧਰਮ ਵਿਚ ਸੂਤਕ (ਜਨਮ ਸਮੇਂ ਵੀ ਅਪਵਿਤਰਤਾ) ਪਾਤਕ (ਮਰਨ ਸਮੇਂ ਦੀ ਅਪਵਿਤਰਤਾ), ਚੌਂਕੇ (ਰਸੋਈ) ਦੀ ਪਵਿਤਰਤਾ, ਚੌਂਕੇ ਦਆਲੇ ਕਾਰ ਕਢਣੀ (ਲਾਈਨ ਵਾਹੁਣੀ)। ਭਿਟ ਤੋਂ ਬਚਣ ਲਈ, ਮਹੂਰਤ ਕੱਢਣੇ, ਥਿਤ ਵਾਰ ਤੇ ਸਗਨ ਵਿਚਾਰਨੇ, ਮਰੇ ਹੋਇਆਂ ਦਾ ਪੂਜਾ ਕਰਨੀ, ਮ੍ਰਿਤਕ ਪ੍ਰਾਣੀਆਂ ਦੇ ਨਮਿਤ ਤੀਰਥਾਂ ਤੇ ਜਾ ਕੇ ਪਿੰਡ ਦਾਨ ਕਰਨੇ, ਸਰਾਧ ਕਰਨੇ, ਦੇਵਤਿਆਂ ਤੇ ਕੁਦਰਤੀ ਸ਼ਕਤੀਆਂ ਨੂੰ ਵਸ ਵਿਚ ਕਰਨ ਲਈ ਮਨੋ-ਕਾਂਮਨਾਵਾਂ ਦੀ ਪੂਰਤੀ ਲਈ ਮੰਤਰਾਂ ਦਾ ਜਾਪ ਕਰਨਾ ਤੇ ਯੱਗ ਕਰਾਉਣੇ, ਜਨੇਊਧਾਰਨ ਕਰਨਾ, ਤਿਲਕ ਲਾਉਣਾ, ਮਾਲਾ ਫੇਰਨੀਆਂ, ਸੰਸਕ੍ਰਿਤ ਭਾਸ਼ਾ ਨੂੰ ਦੇਵ ਭਾਸ਼ਾ ਆਖਕੇ ਸਰਬੋਤਕ ਮੰਨਣਾ, ਹਰ ਸਮੇਂ ਬ੍ਰਾਹਮਣ ਦੀ ਅਗਵਾਈ ਵਿੱਚ ਰਹਿਣਾ – ਉਸਨੂੰ ਦਾਨ ਦੇਣਾ ਆਦਿਕ ਅਨੇਕਾਂ ਹੀ ਭਰਮ, ਵਹਿਮ ਤੇ ਪਖੰਡ ਪ੍ਰਚਲਿਤ ਹਨ।

ਗੁਰਮਤਿ ਇਨ੍ਹਾਂ ਵਿੱਚੋਂ ਕਿਸੇ ਇਕ ਨਾਲ ਵੀ ਮੇਲ ਨਹੀਂ ਖਾਂਦੀ, ਸਗੋਂ ਸਭ ਦਾ ਵਿਰੋਧ ਜਾਂ ਖੰਡਨ ਕਰਦੀ ਹੈ ਅਤੇ ਬ੍ਰਾਹਮਣਾਂ ਦੁਆਰਾ ਆਪਣੀ ਰੋਜ਼ੀ ਰੋਟੀ ਲਈ ਬਦਾਏ ਇਨ੍ਹਾਂ ਭਰਮ-ਜਾਲਾਂ ਵਿੱਚੋਂ ਨਿਕਲਣ ਦੀ ਪ੍ਰੇਰਨਾ ਦਿੰਦੀ ਹੈ। (ਬ੍ਰਾਂਹਮਣਾਂ ਦੀ ਨਿਕੰਮੀ ਵਿਚਾਰਧਾਰਾ ਅਤੇ ਉਸ ਦੁਆਰਾ ਈਜ਼ਾਦ ਕੀਤੇ ਅਨੇਕਾ ਫੋਕਟ ਕਰਮ-ਕਾਂਡਾਂ ਤੋਂ ਤੰਗ ਆ ਕੇ ਹੀ ਤਾਂ ਭਗਤ ਕਬੀਰ ਜੀ ਨੇ ਆਖਿਆ ਸੀ ਕਿ ਪ੍ਰਭੂ-ਭਗਤਾਂ ਨੂੰ ਬ੍ਰਾਹਮਣ ਦੀ ਸਿਰਦਾਰੀ ਨਹੀਂ ਕਬੂਲਣੀ ਚਾਹੀਦੀ :-)

**ਕਬੀਰ, ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ ॥**

**ਅਰਝ ਉਰਝ ਕੇ ਪਚ ਰਹਿਓ ਚਾਰੇ ਬੇਦੋਂ ਮਾਹਿ ॥**

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਅਤੇ ਸਨਾਤਨ ਧਰਮ ਦਾ ਵਿਚਾਰਧਾਰਾ ਅਤੇ ਅਮਲੀ ਪੱਖ ਤੋਂ ਕੋਈ ਵੀ ਮੇਲ ਨਹੀਂ, ਸਗੋਂ ਦੋਵੇਂ ਇਕ-ਦੂਜੇ ਦੇ ਉਲਟ ਹਨ।

## ਵੇਦਾਂਤ ਤੇ ਗੁਰਮਤਿ

ਵੇਦਾਂਤ ਹਿੰਦੂਧਰਮ ਦੇ ਛੇ ਦਾਰਸ਼ਨਿਕ ਸਕੂਲਾਂ ਵਿਚਾਰ ਪ੍ਰਣਾਲੀ) ਵਿੱਚੋਂ ਇਕ ਹੈ। 'ਵੇਦਾਂਤ' ਦਾ ਅਰਥ ਵੇਦਾ ਦਾ ਅੰਤ' ਜਾ ਵੇਦਾਂ ਦਾ ਸਾਰ' ਕੀਤਾ ਜਾਂਦਾ ਹੈ। ਉਂਝ 'ਵੇਦਾਂਤ-ਮੱਤ' ਵੇਦਾਂ ਦੀ ਵਿਚਾਰਧਾਰਾ ਨਾਲ ਬਹੁਤ ਭਿੰਨਤਾ ਰਖਦਾ ਹੈ। ਵੇਦਾਂਤ ਉਪਨਿਸ਼ਦਾਂ ਦੀ ਵਿਚਾਰਧਾਰਾ ਤੇ ਆਧਾਰਿਤ ਹਿੰਦੂ-ਫਲਸਫੇ ਦੀ ਇਕ ਸ਼ਾਖਾ ਹੈ।

ਉਪਨਿਸ਼ਦ ਤਿੰਨਾਂ ਸ਼ਬਦਾਂ ਦਾ ਮੇਲ ਹੀ ਉਪ, ਨਿ, ਸ਼ਦ, ਜਿਨ੍ਹਾਂ ਦਾ ਅਰਥ ਹੈ ਆਪਣੇ 'ਗੁਰੂ ਦੇ ਲਾਗੇ ਬਹਿਣਾ'। ਇਨ੍ਹਾਂ ਉਪਨਿਸ਼ਦਾਂ ਵਿਚ ਉਹ ਸਿਧਾਂਤ ਹਨ, ਜੋ ਗੁਰੂ (ਰਿਸ਼ੀ) ਨੇ ਆਪਣੇ ਵਿਦਿਆਰਥੀਆਂ ਨੂੰ ਕੰਨ ਵਿਚ ਦਸੇ ਸਨ।

ਉਪਨਿਸ਼ਦਾਂ ਵਿਚ ਦਰਸ਼ਨ (Philosophy) ਦੀ ਕੋਈ ਇਕਸਾਰ ਪ੍ਰਣਾਲੀ ਨਹੀਂ ਹੈ, ਸਗੋਂ ਕਈ ਸਾਰੇ ਵਿਅਕਤੀਆਂ ਦੀਆਂ ਰਾਵਾਂ ਅਤੇ ਸਿਖਿਆਵਾਂ ਅੰਕਿਤ ਹਨ। ਆਮ ਤੌਰ ਤੇ ਇਹ ਗਲ ਪ੍ਰਸਿੱਧ ਹੈ ਕਿ ਉਪਨਿਸ਼ਦਾਂ ਵਿਚ ਗੁੜ੍ਹ-ਗਿਆਨ ਦੀਆਂ ਗੱਲਾਂ ਹਨ, ਪਰ ਇਨ੍ਹਾਂ ਵਿੱਚ ਕਈ ਉਟਪਟਾਂਗ ਤੇ ਵਿਰੋਧੀ ਖਿਆਲ ਵੀ ਪਾਏ ਜਾਂਦੇ ਹਨ, ਜਿਵੇਂ ਕਿ ਇਹ ਮੂੰਹ ਉਤੇ ਨਿਕਲੀਆਂ ਕਿਲਾਂ ਅਤੇ ਮੁਹਕਿਆਂ ਦਾ ਇਲਾਜ ਵੀ ਦਸਦੇ ਹਨ।

ਉਪਨਿਸ਼ਦਾਂ ਵਿਚ ਕਿਤੇ-ਕਿਤੇ ਤਾਂ ਵੇਦਾਂ ਦੇ ਵਿਰੁਧ ਬਹੁਤ ਤਿਖੇ ਵਿਚਾਰ ਪਾਏ ਜਾਂਦੇ ਹਨ। ਛਾਂਦੋਗਯ ਉਪਨਿਸ਼ਦ ਵਿਚ ਪਰੋਹਿਤਾਂ ਨੂੰ ਉਨ੍ਹਾਂ ਕੁਤਿਆਂ ਦੇ ਜਲੂਸ ਨਾਲ ਤੁਲਨਾ ਦਿਤੀ ਗਈ ਹੈ, ਜਿਹੜੇ ਕਿ ਅੱਗੇ ਪਿਛੇ ਇਕ ਦੂਜੇ ਦੀਆਂ ਪੂਛਾਂ ਫੜ ਕੇ ਤੁਰ ਰਹੇ ਹੋਣ, ਤੇ ਆਖ ਰਹੇ ਹੋਣ, "ਓਮ! ਆਓ ਖਾਈਏ, ਓਮ! ਆਓ ਪੀਵੀਏ।" ਸੁਸੰਵੇਦ ਉਪਨਿਸ਼ਦ ਇਸ ਗੱਲ ਦਾ ਐਲਾਨ ਕਰਦਾ ਹੈ ਕਿ "ਨਾ ਕੋਈ ਦੇਵਤਾ ਹੈ, ਨਾ ਸੁਰਗ, ਨਾ ਨਰਕ, ਨਾ ਜੰਮਣ-ਮਰਨ, ਨਾ ਦੁਨੀਆਂ! ਵੇਦ ਅਤੇ ਉਪਨਿਸ਼ਦ ਘੁਮੰਡੀ ਬੇਵਕੂਫਾਂ ਦੀਆਂ ਰਚਨਾਵਾਂ ਹਨ। ਸਭ ਵਿਕਾਰ ਛਲ ਹਨ ਤੇ ਸ਼ਬਦ ਝੂਠ ਹਨ। ਲਛੇਦਾਰ ਭਾਸ਼ਨਾਂ ਰਾਹੀਂ ਭਰਮਾਏ ਹੋਏ ਲੋਕ ਦੇਵਤਿਆਂ, ਮੰਦਰਾਂ ਅਤੇ ਪਾਵਨ ਮਨੁੱਖਾਂ ਨੂੰ ਚੰਮੜਦੇ ਹਨ, ਭਾਵੇਂ ਅਸਲੀਅਤ ਵਿੱਚ ਵਿਸ਼ਨੂੰ ਅਤੇ ਕੁੱਤੇ ਵਿਚ ਕੋਈ ਫ਼ਰਕ ਨਹੀਂ।" (ਵੇਖੈ ਪ੍ਰੋ: ਪ੍ਰੀਤਮ ਸਿੰਘ ਕ੍ਰਿਤ 'ਗੁਰੂਨਾਨਕ ਵਿਚਾਰ ਅਧਿਐਨ' ਪੰਨਾ 217-18)

ਹੇਠਾਂ ਵੇਦਾਂਤ ਦੇ ਮੁਖ ਸਿਧਾਂਤ ਅਤੇ ਉਨ੍ਹਾਂ ਬਾਰੇ ਗੁਰਮਤਿ ਦੀ ਰਾਏ ਦਿਤੀ ਜਾਂਦੀ ਹੈ।

(1) **ਬ੍ਰਹਮ** – ਸ੍ਰਿਸ਼ਟੀ ਦੇ ਪਰਮ ਤੱਤ ਦਾ ਨਾਮ 'ਬ੍ਰਹਮ' ਹੈ । ਇਹ ਨਿਰਗੁਣ ਹੈ ਅਤੇ ਇਸਨੂੰ ਕਿਸੇ ਤਜਰਬੇ ਜਾਂ ਅਨੁਭਵ ਵਿਚ ਨਹੀਂ ਲਿਆਂਦਾ ਜਾ ਸਕਦਾ। ਇਸਦਾ ਤਾਰਕਿਕ ਗਿਆਨ ਅਸੰਭਵ ਹੈ। ਇਹ ਵੰਡਿਆ ਨਹੀਂ ਜਾ ਸਕਦਾ ਤੇ ਨਾ ਹੀ ਇਸਦੀ ਕੋਈ ਪਰਿਭਾਸ਼ਾ ਹੋ ਸਕਦੀ ਹੈ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਇਕ ਹੈ। ਹਾਂ ਇਹ ਕਿਹਾ ਜਾ ਸਕਦਾ ਕਿ ਇਹ ਅਦਵੈਤ(Non-Dual) ਹੈ

ਗੁਰਮਤਿ ਵੀ ਇਕ ਅਕਾਲ ਪੁਰਖ ਵਿੱਚ ਵਿਸ਼ਵਾਸ ਰਖਦੀ ਹੈ, ਜੋ ਮਨੁਖੀ ਮਨ ਦੀ ਪਹੁੰਚ ਤੋਂ ਪਰੇ (ਅਗੰਮ) ਹੈ, ਪਰ ਗੁਰੂ-ਗਿਆਨ ਦੀ ਰੋਸ਼ਨੀ ਵਿਚ ਵਿਚਰਨ ਨਾਲ ਪ੍ਰਭੂ ਦੀ ਹੋਂਦ ਦਾ ਅਨੁਭਵ ਜ਼ਰੂਰ ਹੋ ਜਾਂਦਾ ਹੈ।

(2) **ਬ੍ਰਹਮ ਅਤੇ ਈਸ਼ਵਰ** – ਰੱਬ ਦੇ ਦੋ ਸਰੂਪ ਮੰਨੇ ਗਏ ਹਨ, ਇਕ ਨਿਰਗੁਣ ਅਤੇ ਦੂਜਾ ਸਰਗੁਣ। ਨਿਰਗੁਣ ਸਰੂਪ ਨੂੰ ਬ੍ਰਹਮ ਕਹਿੰਦੇ ਹਨ। ਬ੍ਰਹਮ ਆਪਣੀ ਸ੍ਰਿਸ਼ਟੀ ਤੋਂ ਦੂਰ ਰਹਿੰਦਾ ਹੈ। ਰੱਬ ਜਦੋਂ ਸ੍ਰਿਸ਼ਟੀ ਸਿਰਜ ਕੇ ਇਸ ਵਿਚ ਵਿਆਪਕ ਹੋ ਜਾਂਦਾ ਹੈ, ਤਾਂ ਉਸਨੂੰ 'ਈਸ਼ਵਰ' ਕਿਹਾ ਜਾਂਦਾ ਹੈ। ਉਂਝ ਉਪਨਿਸ਼ਦਾਂ ਵਿੱਚ ਰੱਬ ਦੇ ਨਿਰਗੁਣ ਸਰੂਪ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ।

ਗੁਰਮਤਿ ਰੱਬ ਦੀ ਅਨੇਕਤਾ (ਦੋ ਰੂਪਾਂ) ਵਿਚ ਵਿਸ਼ਵਾਸ਼ ਨਹੀਂ ਰਖਦੀ। ਰਬ ਕੇਵਲ ਇਕੋ ਹੀ ਹੈ, ਜੋ ਹਰ ਥਾਂ ਹਰ ਸਮੇਂ ਮੌਜੂਦ ਹੈ। ਉਹੀ ਨਿਰਗੁਣ ਹੈ, ਤੇ ਉਹੀ ਸਰਗੁਣ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਉਹ ਕੇਵਲ 'ਨਿਰਗੁਣ' ਸੀ ਅਤੇ ਸ੍ਰਿਸ਼ਟੀ ਦੀ ਰਚਨਾ ਤੋਂ ਬਾਅਦ ਉਹ 'ਸਰਗੁਣ' ਸਰੂਪ ਵੀ ਹੋ ਗਿਆ।

(3) **ਬ੍ਰਹਮ ਅਕ੍ਰਤਰੀ ਹੈ ਭਾਵ ਕਰਤਾ ਨਹੀਂ ਹੈ :–** ਇਸ ਸਿਧਾਂਤ ਦੀ ਵਿਆਖਿਆ ਕਰਦਿਆ ਹੋਇਆ ਕਿਹਾ ਜਾਂਦਾ ਹੈ ਕਿ ਜਿਨ੍ਹਾਂ ਪਦਾਰਥਾਂ ਦੀ ਪਰਤੀਤੀ ਗਿਆਨ-ਇੰਦਰਿਆਂ ਰਾਹੀਂ ਹੋ ਸਕਦੀ ਹੋਵੇ, ਕਾਰਜ-ਕਾਰਣ ਦਾ ਸਿਧਾਂਤ ਉਨ੍ਹਾਂ ਪਦਾਰਥਾਂ ਉਤੇ ਹੀ ਲਾਗੂਹੋ ਸਕਦਾ ਹੈ। ਕਿਉਂਕਿ ਬ੍ਰਹਮ ਇੰਦਰੀਆਂ ਦਾ ਵਿਸ਼ਾ ਨਹੀਂ, ਇਸ ਲਈ ਬ੍ਰਹਮ ਨੂੰ ਸੰਸਾਰ ਦਾ ਕਾਰਣ ਕਹਿਣਾ ਦਲੀਲ ਦੀ ਕਸਵਟੀ ਤੇ ਸਹੀ ਨਹੀਂ ਉਤਰਦਾ।

ਗੁਰਮਤਿ ਵਿਚ ਵੇਦਾਂਤ ਦੇ ਇਸ ਸਿਧਾਂਤ ਦਾ ਖੰਡਨ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਰੱਬ ਨੂੰ 'ਕਰਨ ਕਰਾਵਣਹਾਰ ਸੁਆਮੀ' ਅਤੇ 'ਕਰਤਾ ਪੁਰਖ' ਕਿਹਾ ਗਿਆ ਹੈ।

ਬੜੇ ਜ਼ੋਰ ਨਾਲ ਆਖਿਆ ਗਿਆ ਹੈ:-

**– ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ ॥**
**ਨਾਨਕ ਤਿਸੁ ਬਲਿਹਾਰਣੈ , ਜਲਿ ਥਲਿ ਮਹੀਅਲਿ ਸੋਇ ॥** (ਗਉੜੀ ਸੁਖਮਨੀ, ਮ: 5)

**– ਆਪੀਨੈ ਆਪੁ ਸਾਜਿਓ . ਆਪੀਨੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥**
**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ, ਕਰਹਿ ਪਸਾਉ ॥** (ਵਾਰ ਅਸਾ, ਮ: 1)

**– ਤੂੰ ਕਰਤਾ ਪੁਰਖ ਅਗੰਮ ਹੈ, ਆਪਿ ਸ੍ਰਿਸਟ ਉਪਾਤੀ ॥**
**ਰੰਗ ਪਰੰਗ ਉਪਾਰਜਨਾ, ਬਹੁ ਬਹੁ ਬਿਧਿ ਭਾਤੀ ॥**
**ਤੂੰ ਜਾਣਹਿ ਜਿਨਿ ਉਪਾਇਆ, ਸਭੁ ਖੇਲੁ ਤੁਮਾਤੀ ॥** (ਵਾਰ ਮਾਝ, ਮ: 5)

(4) **ਬ੍ਰਹਮ ਅਤੇ ਮਨੁੱਖ –** ਵੇਦਾਂਤ ਵਿੱਚ ਬ੍ਰਹਮ ਅਤੇ ਮਨੁੱਖ ਦੇ ਰਿਸ਼ਤੇ ਨੂੰ "ਅਹੰਬ੍ਰਾਸਮੀ" (ਉਹ ਬ੍ਰਹਮ ਮੈਂ ਹਾਂ) ਜਾਂ "ਤਤੰਵਮਸੀ" (ਉਹ ਤੂੰ ਹੈ) ਆਦਿਕ ਸ਼ਬਦਾਂ ਨਾਲ ਪ੍ਰਗਟਾਇਆ ਗਿਆ ਹੈ। ਇਨ੍ਹਾਂ ਤੋਂ ਸਪੱਸ਼ਟ ਹੈ ਕਿ ਮਨੁਖ ਵੇਦਾਂਤ ਦੇ ਪਿਛੇ ਲਗਕੇ ਆਪਣੇ ਆਪ ਨੂੰ ਹੀ ਰੱਬ ਆਖਣ ਲਗ ਪੈਂਦਾ ਹੈ। ਵੇਦਾਂਤ ਮੱਤ ਵਾਲੇ ਇਸਦੀ ਵਿਆਖਿਆ ਇੰਝ ਕਰਦੇ ਹਨ ਕਿ ਜਦੋਂ ਹਰ ਥਾਂ ਪ੍ਰਭੁਵਿਆਪਕ ਹੈ ਅਤੇ ਉਸਦਾ ਵਾਸਾ ਹਰੇਕ ਜੀਵ ਦੇ ਅੰਦਰ ਹੈ, ਤਾਂ ਮਨੁੱਖ ਵੀ ਰਬ ਹੀ ਹੋਇਆ।

ਗੁਰਮਤਿ ਰੱਬ ਦੀ ਸਰਬ-ਵਿਆਪਕਤਾ ਵਿੱਚ ਤਾਂ ਵਿਸ਼ਵਾਸ ਰਖਦੀ ਹੈ ਅਤੇ ਇਹ ਵੀ ਮੰਨਦੀ ਹੈ ਕਿ ਸਭ ਵਿੱਚ ਅਕਾਲ ਪੁਰਖ ਦੀ ਜੋਤਿ ਹੀ ਹੈ ('ਸਭ ਮਹਿ ਜੋਤਿ ਜੋਤਿ ਹੈ ਸੋਇ' ਅਤੇ 'ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣੁ') ਪਰ ਗੁਰਮਤਿ ਮਨੁੱਖ ਨੂੰ ਇਹ ਇਜਾਜ਼ਤ ਨਹੀਂ ਦਿੰਦੀ ਕਿ ਉਹ ਆਪਣੇ ਆਪ ਨੂੰ ਰਬ ਆਖ ਕੇ ਬੇਅੰਤ ਅਤੇ ਅਸੀਮ ਪ੍ਰਭੂਨਾਲ ਬਰਾਬਰੀ ਕਰੇ। ਗੁਰਮਤਿ ਤਾਂ ਨਿਮਰਤਾ ਦਾ ਪਾਠ ਪੜ੍ਹਾਉਂਦੀ ਹੈ, ਪ੍ਰਭੂਨੂੰ ਸੰਪੂਰਨ ਅਤੇ ਮਨੁੱਖ ਨੂੰ ਅਧੂਰਾ ਦੱਸਦੀ ਹੈ :

**ਤੂ ਪੂਰਾ ਹਮ ਊਰੇ ਹੋਛੇ, ਤੂ ਗਉਰਾ ਹਮ ਹਉਰੇ ॥** (ਸੋਰਠ ਮ: 5)

ਪ੍ਰਭੂ ਦੀ ਜੋਤਿ ਹੁੰਦਾ ਹੋਇਆ ਵੀ ਮਨੁੱਖ ਪ੍ਰਭੂ ਦੇ ਸਾਹਮਣੇ ਬਹੁਤ ਹੀ ਤੁਛ ਹੈ, ਪ੍ਰਭੂ ਸਰਬ-ਸਮਰਥ ਹੈ, ਸਰਬ ਸ਼ਕਤੀਮਾਨ, ਕਰਨ-ਕਰਾਵਨਹਾਰ ਹੈ। ਮਨੁੱਖ ਤਾਂ ਪ੍ਰਭੂ ਦੇ ਹੁਕਮ ਵਿਚ ਹੀ ਬੱਧੇ ਹੋਏ ਹਨ :

**ਕੀਤਾ ਕਰਣਾ ਸਰਬ ਰਜਾਈ, ਕਿਛੁ ਕੀਚੈ ਜੇ ਕਰਿ ਸਕੀਐ ॥**

**ਆਪਣਾ ਕੀਤਾ ਕਿਛੂ ਨ ਹੋਵੈ, ਜਿਉ ਹਰਿ ਭਾਵੈ ਤਿਉ ਰਖੀਐ ॥1॥**

**ਮੇਰੇ ਹਰਿ ਜੀਉ ਸਭ ਕੋ ਤੇਰੈ ਵਸਿ ॥**

**ਅਸਾ ਜੋਰੁ ਨਾਹੀ, ਜੇ ਕਿਛ ਕਰਿ ਹਮ ਸਾਕਹਿ,**

**ਜਿਉ ਭਾਵੈ ਤਿਵੈ ਬਖਸਿ ॥1॥ਰਹਾਉ ॥**

**ਸਭ ਜੀਉ ਪਿੰਡੁ ਦੀਆਂ ਤੁਧ ਆਪੇ, ਤੁਧ ਆਪੇ ਕਾਰੈ ਲਾਇਆ ॥**

**ਜੇਹਾ ਤੂ ਹੁਕਮੁ ਕਰਹਿ, ਤੇਹੇ ਕੋ ਕਰਮ ਕਮਾਵੈ**

**ਜੇਹਾ ਤੁਧੁ ਧੁਰਿ ਲਿਖ ਪਾਇਆ ॥2 ॥** (ਸੂਹੀ ਮ: 4)

ਗੁਰਮਤਿ ਦਾ ਖਾਂਧੀ ਆਪਣੇ ਆਪ ਨੂੰ ਬ੍ਰਹਮ ਕਹਿਣ ਦੀ ਥਾਂ ਉਤੇ, ਪ੍ਰਭੂ ਅਗੇ ਇਸ ਤਰਾਂ ਦੀਆਂ ਜੋਦੜੀਆਂ ਕਰਦਾ ਹੈ :-

**ਮਹ ਮੈਲੇ, ਤੁਮ ਊਜਲ ਕਰਤੇ, ਹਮ ਨਿਰਗੁਨ ਤੂ ਦਾਤਾ ॥**

**ਹਮ ਮੂਰਖ ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ ॥1 ॥**

**ਮਾਧੋ ਹਮ ਐਸੇ, ਤੂ ਐਸਾ ॥**

**ਹਮ ਪਾਪੀ, ਤੁਮ ਪਾਪ ਖੰਡਨ, ਨੀਕੋ ਠਾਕੁਰ ਦੇਸਾ ॥ਰਹਾਉ ॥**

**ਤੁਮ ਸਭ ਸਾਜੇ, ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ ॥**

**ਨਿਰਗੁਨੀਆਰੇ ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥** (ਸੋਰਠਿ ਮ: 5)

(5) **ਸੰਸਾਰ ਮਿਥਿਆ ਹੈ –** ਵੇਦਾਂਤ ਇਸ ਖਿਆਲ ਉਤੇ ਜ਼ੋਰ ਦਿੰਦਾ ਹੈ ਕਿ ਇਹ ਸੰਸਾਰ ਮਿਥਿਆ ਹੈ ਅਤੇ ਇਕ ਛਲ ਹੈ ਭੁਲੇਖਾ ਹੈ। ਇਸ ਤੋਂ ਭਾਵ ਇਹ ਲਿਆਂ ਜਾਂਦਾ ਹੈ ਕਿ ਦਿਸਦਾ ਕੁਝ ਹੋਰ ਹੈ, ਅਤੇ ਅਸਲੀਅਤ ਕੁਝ ਹੋਰ ਹੈ। ਇਸ ਗੱਲ (ਸਿਧਾਂਤ) ਨੂੰ ਸਮਝਾਉਣ ਲਈ ਕੁਝ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ। ਜਿਵੇਂ ਕਿ ਦੂਰੋਂ ਵੇਖਿਆਂ ਖਰਗੋਸ਼ ਦੇ ਸਿੰਗ ਹੋਣ ਦਾ ਭੁਲੇਖਾ ਪੈਂਦਾ ਹੈ, ਪਰ ਹੁੰਦੇ ਨਹੀਂ, ਦੂਰ ਤਕ ਖਿਲਰੇ ਹੋਏ ਰੇਗਿਸਤਾਨ ਵਿਚ ਪਾਣੀ ਦੀ ਹੋਂਦ ਦਾ ਝਲਕਾਰਾ ਪੈਂਦਾ ਹੈ, ਪਰ ਹੁੰਦਾ ਕਿਤੇ ਨਹੀਂ, ਰਾਤ ਦੇ ਹਨੇਰੇ ਵਿਚ ਪਈ ਰਸੀ ਹੀ ਸੱਪ ਦਾ ਭੁਲੇਖਾ ਦਿੰਦੀ ਹੈ, ਪਰ ਅਸਲੀਅਤ ਵਿਚ ਉਥੇ ਸੱਪ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਸੰਸਾਰ ਵੀ ਇਕ ਛਲਾਵਾ ਜਾਂ ਭੁਲੇਖਾ ਹੈ। ਇਹ ਅਸਲ ਵਿਚ ਹੈ ਤਾਂ ਨਹੀਂ, ਐਵੇਂ ਦਿਖਾਈ ਦੇ ਰਿਹਾ ਹੈ। ਬ੍ਰਹਮ ਅਤੇ ਸੰਸਾਰ ਦਾ ਆਪੋ ਵਿੱਚ ਨਹੀਂ ਉਹ ਹੀ ਸੰਬੰਧ ਹੈ,

ਜਿਹੜਾ ਹਨੇਰੇ ਵਿਚ ਪਈ ਹੋਈ ਰੱਸੀ ਤੇ ਭੁਲੇਖੇ ਵਾਲੇ ਸੱਪ ਦਾ ਹੁੰਦਾ ਹੈ। ਰਸੀ ਦੀ ਰੋਂਦ ਤਾਂ ਹੈ, ਪਰ ਸੱਪ ਦੀ ਨਹੀਂ। ਸੱਪ ਦੀ ਹੋਂਦ ਦਾ ਨਿਰਭਰ ਰਸੀ ਦੀ ਹੋਂਦ ਉਤੇ ਹੈ। ਇਵੇਂ ਹੀ ਸੰਸਾਰ ਦੀ ਹੋਂਦ ਦਾ ਨਿਰਭਰ ਬ੍ਰਹਮ ਦੀ ਹੋਂਦ ਉਤੇ ਹੈ। ਆਪਣੇ ਆਪ ਵਿੱਚ ਇਹ ਕੁਝ ਵੀ ਨਹੀਂ।

ਸੰਸਾਰ ਦੀ ਹੋਂਦ ਬਾਰੇ ਵੇਦਾਂਤ ਨੇ ਹੋਰ ਭੰਭਲ ਭੂਸੇ ਵਿਚ ਪਾਉਣ ਵਾਲੇ ਵਿਚਾਰ ਦਿਤੇ ਹਨ। ਬ੍ਰਹਮ, ਮਾਇਆ ਅਤੇ ਸੰਸਾਰ ਬਾਰੇ ਚਰਚਾ ਕਰਨ ਮਗਰੋਂ ਸਿਟਾ ਇਹ ਕਢਿਆ ਹੈ ਕਿ ਸੰਸਾਰ ਨੂੰ ਅਸੀਂ ਨਾ ਸੱਤ (ਅਸਲੀਅਤ) ਆਖ ਸਕਦੇ ਹਾਂ, ਨਾ ਅਸੱਤ ਤੇ ਨਾ ਹੀ ਸੱਤ-ਅਸੱਤ। ਇਹ ਮਾਇਆ ਵਾਂਗ ਅਨਿਰਵਾਚਨੀਯ ਹੈ। ਸਿੱਟੇ ਦੇ ਤੌਰ ਤੇ ਸੰਸਾਰ ਨੂੰ ਮਾਇਆ ਹੀ ਆਖਿਆ ਗਿਆ ਹੈ।

ਗੁਰਮਤਿ ਸੰਸਾਰ ਨੂੰ ਇਕ ਛਲਾਵਾ ਜਾਂ ਭਲੇਖਾ ਨਹੀਂ ਸਮਝਦੀ, ਨਾ ਹੀ ਵੇਦਾਂਤ ਦੇ ਨਿਸਚੇ ਵਾਂਗ ਜਗਤ ਨੂੰ 'ਅਸੱਤ' ਮੰਨਦੀ ਹੈ। ਇਹ ਸੰਸਾਰ ਸਚੇ ਪ੍ਰਭੂਨੇ ਆਪ ਪੈਦਾ ਕੀਤਾ ਹੈ, ਉਹ ਪ੍ਰਭੂਇਸ ਵਿਚ ਵਸਿਆ ਹੋਇਆ (ਵਿਆਪਕ) ਹੈ, ਇਸ ਲਈ ਇਹ ਸੰਸਾਰ 'ਸੱਤਯ ਹੈ। ਦੂਜੇ ਪਾਸੇ ਦ੍ਰਿਸ਼ਟਮਾਨ ਸੰਸਾਰ ਵਿਚ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਜੜ ਅਤੇ ਚੈਤੰਨ ਸਭ ਇਸ ਨਿਯਮ ਦੇ ਅਧੀਨ ਹਨ। ਪੁਰਾਣੇ ਖਤਮ ਹੋ ਰਹੇ ਹਨ ਅਤੇ ਨਵੇ ਉਨ੍ਹਾਂ ਦੀ ਥਾਂ ਲੈ ਰਹੇ ਹਨ। ਸੰਸਾਰ ਦੀ ਇਸ ਚਲਾਇਮਾਨਤਾ ਨੂੰ ਧਿਆਨ ਵਿੱਚ ਰਖਕੇ ਅਤੇ ਮਨੁੱਖਾਂ ਨੂੰ ਇਹ ਸਮਝਾਉਣ ਲਈ ਕਿ ਉਨ੍ਹਾਂ ਨੇ ਹਮੇਸ਼ਾਂ ਇਸ ਸੰਸਾਰ ਵਿੱਚ ਬੈਠੇ ਨਹੀਂ ਰਹਿਣਾ, ਜੋ ਉਪਜਿਆ ਹੈ ਉਸਨੇ ਸਮਾਂ (ਮਰ ਜਾਂ ਖਤਮ) ਜਾਣਾ ਹੈ, ਗੁਰਮਤਿ ਨੇ ਸੰਸਾਰ ਨੂੰ 'ਧੂੰਏਂ ਦਾ ਪਹਾੜ' ਜਾਂ 'ਸੁਪਨਾ' ਵੀ ਆਖਿਆ ਹੈ।

(6) **ਕਰਮ ਸਿਧਾਂਤ-ਵੇਦਾਂਤ ਕਰਮ-** ਸਿਧਾਂਤ ਨੂੰ ਮੰਨਦਾ ਹੈ। ਮਨੁੱਖ ਦੀ ਹੋਂਦ ਜਾਂ ਸਖਸ਼ੀਅਤ ਪਿਛਲੇ ਜਨਮ ਜਾਂ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਹੈ। ਇਸ ਜੀਵਨ ਵਿਚ ਕੀਤੇ ਗਏ ਕਰਮਾਂ ਦਾ ਫਲ ਭੁਗਤਣ ਲਈ ਮਨੁਖ ਫਿਰ ਦੁਨੀਆਂ ਵਿਚ ਆਉਂਦਾ ਹੈ। ਇਸ ਤਰ੍ਹਾਂ ਉਹ ਉਨ੍ਹਾਂ ਚਿਰ ਜਨਮ-ਮਰਨ ਦੇ ਚੱਕਰ ਤੋਂ ਬਚ ਨਹੀਂ ਸਕਦਾ, ਜਦੋਂ ਤਕ ਉਹ ਮੁਕਤੀ ਨਹੀਂ ਪ੍ਰਾਪਤ ਕਰ ਲੈਂਦਾ।

ਗੁਰਮਤਿ ਕਰਮ ਸਿਧਾਂਤ ਨੂੰ ਤਾਂ ਮੰਨਦੀ ਹੈ ਪਰ ਇਸਨੂੰ ਪ੍ਰਭੂਦੇ ਹੁਕਮ ਦੇ ਨਾਲ ਮਿਲਾ ਕੇ ਪੂਰਾ ਸਿਧਾਂਤ ਪੇਸ਼ ਕਰਦੀ ਹੈ। ਗੁਰਮਤਿ ਅਨੁਸਾਰ ਕਰਮਾਂ ਦਾ ਫਲ ਮਨੁੱਖ ਨੂੰ ਆਮ ਤੌਰ ਤੇ ਭੁਗਤਣਾ ਪੈਂਦਾ ਹੈ, ਪਰ ਜੇ ਉਸ ਮਨੁਖ ਉਤੇ ਪ੍ਰਭੂਦਿਆਲ ਹੋ ਜਾਵੇ ਤਾਂ ਪ੍ਰਭੂਆਪਣੇ ਹੁਕਮ ਨਾਲ ਮਨੁੱਖ ਦੇ ਕੀਤੇ ਹੋਏ ਪਾਪਾਂ ਦੇ ਫਲ ਨੂੰ ਖਤਮ ਕਰ ਦਿੰਦਾ ਹੈ। ਸੋ ਵੇਦਾਂਤ ਅਨੁਸਾਰ ਜਿਥੇ ਕਰਮਾਂ ਦਾ ਫਲ ਅਵੱਸ਼ ਭੁਗਤਣਾ ਪੈਦਾ ਹੈ, ਉਥੇ ਗੁਰਮਤਿ ਅਨੁਸਾਰ ਜੇ ਮਨੁੱਖ ਪਾਪਾਂ ਵਲੋਂ ਹਟ ਕੇ, ਪ੍ਰਭੂਦੀ ਸ਼ਰਣ ਵਿਚ ਆ ਕੇ, ਚੰਗੇ ਕੰਮ ਕਰਨ ਲਗ ਪਵੇ ਤਾਂ ਪ੍ਰਭੂਉਸਦੇ ਕੀਤੇ ਪਾਪਾਂ ਦਾ ਫਲ ਖਤਮ ਕਰ ਦਿੰਦਾ ਹੈ।

(7) **ਮੁਕਤੀ -** ਵੇਦਾਂਤ ਕਹਿੰਦਾ ਹੈ ਕਿ ਜਦੋਂ ਜੀਵ ਆਤਮਾ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਮੈਂ ਬ੍ਰਹਮ ਹਾਂ, ਤਾਂ ਉਹ ਜਨਮ ਮਰਨ ਤੋਂ ਛੁਟਕਾਰਾ ਪਾ ਲੈਂਦੀ ਹੈ। ਇਹੋ ਹੀ ਮੁਕਤੀ ਹੈ। ਮੁਕਤੀ ਦਾ ਸਾਧਨ ਗਿਆਨ, ਧਿਆਨ ਅਤੇ ਵਿਚਾਰ ਹਨ।

ਵੇਦਾਂਤ ਮੁਕਤੀ ਪ੍ਰਾਪਤੀ ਲਈ ਗਿਆਨ ਤੇ ਬਹੁਤ ਜ਼ੋਰ ਦਿੰਦਾ ਹੈ। ਸਤਯ ਦੀ ਪਛਾਨਣ ਨਾਲ ਹੀ ਮੁਕਤੀ ਹੁੰਦੀ ਦਸੀ ਗਈ ਹੈ। ਮਨੁੱਖ ਦਾ ਅੰਤਮ ਆਦਰਸ਼ ਉਹੀ ਕੁਝ ਬਣਦਾ ਹੈ, ਜੋ ਉਸਦਾ ਅਸਲੀ ਤੱਤ ਹੈ। ਮਨੁੱਖ ਦਾ ਆਪਾ (self) ਉਸਦੇ ਭੌਤਿਕ ਸਰੀਰ ਨਾਲੋਂ ਵੱਖਰਾ ਹੈ। ਸਰੀਰ ਨੂੰ ਆਪਾ ਸਮਝ ਲੈਣਾ ਅਵਿਦਿਆ ਹੈ। ਅਸੀਂ ਗਿਆਨ ਨਾਲ ਇਸ ਨਿਖੇੜੇ ਨੂੰ ਪਛਾਨਣਾ ਹੈ। ਇਹ ਨਿਖੇੜਾ ਹੋਂਦਾ ਦੀ ਦੁਨੀਆਂ ਵਿਚ ਨਹੀਂ, ਵਿਚਾਰਾਂ ਦੀ ਦੁਨੀਆਂ ਵਿਚ ਕਰਨਾ ਹੈ।

ਗੁਰਮਤਿ ਦੀ ਮੁਕਤੀ ਦਾ ਸੰਕਲਪ ਵੇਦਾਂਤ ਨਾਲੋਂ ਵਖਰਾ ਹੈ। ਗੁਰਮਤਿ ਵਿਚ ਮੁਕਤੀ ਦਾ ਭਾਵ ਇਸ ਦੁਨੀਆਂ ਵਿਚ ਮਾਇਆ ਦੇ ਪ੍ਰਭਾਵ ਤੋਂ ਸੁਤੰਤਰ ਹੋਣਾ ਹੈ ਅਤੇ ਸਹਜ-ਅਵੱਸਥਾ (ਚੌਥਾ ਪਦ, ਤੁਰੀਆ ਪੱਦ ਜਾਂ ਆਤਮਕ ਅਡੋਲਤਾ ਦੀ ਅਵੱਸਥਾ) ਵਿਚ ਰਹਿਣਾ ਹੈ। ਇਸ ਅਵੱਸਥਾ ਵਿਚ ਮਨੁੱਖ ਦੇ ਇੰਦਰੇ ਅਤੇ ਮਨ ਉਸ (ਮਨੁੱਖ) ਦੇ ਕਾਬੂਵਿਚ ਹਨ। ਇਸ ਜੀਵਨ ਦੇ ਮਗਰੋਂ ਆਵਾਗਵਨ ਦੇ ਚਕਰ ਨੂੰ ਤੋੜਕੇ ਪ੍ਰਭੂਵਿਚ ਲੀਨ ਹੋ ਜਾਣਾ, ਜਾ ਪ੍ਰਭੂਨਾਲ ਇਕ-ਮਿੱਕ ਹੋ ਜਾਣਾ ਮੁਕਤੀ ਦਾ ਦੂਜਾ ਜਾਂ ਆਖਰੀ ਪੜਾਅ ਹੈ। ਇਹ ਮੁਕਤੀ ਨਿਰੇ ਗਿਆਨ ਨਾਲ ਹੀ ਪ੍ਰਾਪਤ ਨਹੀਂ ਹੋ ਜਾਂਦੀ, ਜਦੋਂ ਜੀਵਨ ਗੁਰੂਸਾਹਿਬਾਨ ਦੀਆਂ ਸਿਖਿਆਵਾਂ ਮੁਤਾਬਿਕ ਢਾਲਿਆ ਜਾਵੇ-ਪ੍ਰਭੂਦੀ ਸਿਫ਼ਤ ਸਲਾਹ ਕੀਤੀ ਜਾਵੇ, ਉਸ ਨਾਲ ਪ੍ਰੀਤ ਪਾਈ ਜਾਵੇ ਤੇ ਉਸ ਤੋਂ ਮਿਹਰ ਦੀ ਨਜ਼ਰ ਦੀ ਮੰਗ ਕੀਤੀ ਜਾਵੇ ਅਤੇ ਆਪਣੇ ਕੰਮਾਂ (ਕਿਰਦਾਰ/ਆਚਰਣ) ਨਾਲ ਵੀ ਉਸਨੂੰ ਰੀਝਾਇਆ ਜਾਵੇ ਤਾਂ ਹੀ ਮੁਕਤੀ ਮਿਲ ਸਕਦੀ ਹੈ। ਮੁਕਤੀ ਕੁਝ ਗੁਰਬਾਣੀ ਦੇ ਪ੍ਰਮਾਣ ਹਾਜ਼ਰ ਹਨ :-

**- ਸੋ ਜਨੁ ਮੁਕਤੁ, ਜਿਸੁ ਏਕੁ ਲਿਵਲਾਗੀ, ਸਦਾ ਰਹੈ ਹਰਿ ਨਾਲੇ ॥** (ਬਿਲਾਵਲ ਮ: 5)

ਯਥਾ

**- ਸਤਿਗੁਰ ਤੇ ਗਿਆਨੁ ਉਪਜ, ਤਾਂ ਇਹ ਸੰਸਾ ਜਾਇ ॥**
**ਸਤਿਗੁਰ ਹਰਿ ਬੁਝੀਐ, ਗਰਭ ਜੋਨੀ ਨਹ ਪਾਹਿ ॥2 ॥**
**ਗੁਰ ਪਰਸਾਦੀ ਜੀਵਤ ਮਰੈ, ਮਰਿ ਜੀਵੈ ਸਬਦੁ ਕਮਾਇ ॥**
**ਮੁਕਤਿ ਦੁਆਰਾ ਸੋਈ ਪਾਏ, ਜਿ ਵਿਚਹੁ ਆਪੁ ਗਵਾਇ ॥3 ॥**

(ਮਲਾਰ ਮ: 3, ਅਸਟਪਦੀਆ)

**- ਨਦਰਿ ਕਰੇ ਤਾ ਸਿਮਰਿਆ ਜਾਇ ॥ਆਤਮਾ ਦ੍ਰਵੈ ਰਹੈ ਲਿਵ ਲਾਇ ॥**
**ਆਤਮਾ ਪਰਾਤਮਾ ਏਕੋ ਕਰੈ ॥ਅੰਤਰ ਕੀ ਦੁਬਧਾ ਅੰਤਰਿ ਮਰੈ ॥**

ਯਥਾ

**- ਨਾਨਕ ਸਤਿਗੁਰ ਭੇਟੀਐ, ਪੂਰੀ ਹੋਵੈ ਜੁਗਤਿ ॥**
**ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ, ਵਿਚੇ ਹੋਵੈ ਮੁਕਤਿ ॥**

(ਵਾਰ ਗੂਜਰੀ ਮ: 5, ਪੰਨਾ 422)

(8) **ਬੁੱਧੀਵਾਦ** – ਵੇਦਾਂਤ ਨਿਰਾ ਬੁਧੀਵਾਦ ਹੈ। ਇਸ ਵਿਚ ਖਿਆਲਾਂ ਦੀਆਂ ਬਹੁਤ ਉਚੀਆਂ ਉਡਾਰੀਆਂ ਹਨ। ਦਲੀਲ ਰਾਹੀਂ ਵਾਲ ਦੀ ਖੱਲ ਉਤਾਰੀ ਗਈ ਹੈ। ਇਸ ਵਿਚ ਪ੍ਰਾਰਥਨਾ ਅਤੇ ਅਰਦਾਸ ਨੂੰ ਕੋਈ ਥਾਂ ਨਹੀਂ। ਇਹ ਪ੍ਰਭੂ-ਪਿਆਰ ਅਤੇ ਨਾਮ-ਸਿਮਰਨ ਤੋਂ ਸੱਖਣਾ ਹੈ । ਇਹ ਨਿਰਾ ਦਿਮਾਗ, ਸੋਚ ਅਤੇ ਗਿਆਨ ਦੀ ਕਸਰਤ ਦੀ ਮੰਗ ਕਰਦਾ ਹੈ।

ਗੁਰਮਤਿ ਵਿਚ ਵੀ ਗਿਆਨ ਨੂੰ ਅਹਿਮੀਅਤ ਦਿੱਤੀ ਗਈ ਹੈ । ਪਰ ਗਿਆਨ ਦੇ ਨਾਲ ਨਾਲ ਸਚਿਆਰ-ਜੀਵਨ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਮਨੁੰਖ ਦੇ ਜਜ਼ਬਾਤਾਂ ਨੂੰ ਟੁਬਿਆ ਗਿਆ ਹੈ। ਮਨੁੰਖ ਦੇ ਮਨ ਅੰਦਰ ਪ੍ਰਭੂਪ੍ਰੀਤ ਜਗਾਈ ਗਈ ਹੈ। ਪ੍ਰਭੂ-ਪ੍ਰੀਤ ਲਈ ਨਾਮ-ਸਿਮਰਨ (ਸਿਫ਼ਤ-ਸਲਾਹ) ਪ੍ਰਭੂਅੱਗੇ ਅਰਦਾਸਾਂ ਜੋਦੜੀਆਂ ਅਤੇ ਸ਼ੁਭ-ਕੰਮ ਕਰਨੇ (ਉੱਚੇ-ਸੁੱਚੇ ਆਚਰਨ ਦਾ ਧਾਰਨੀ ਹੋਣਾ) ਜਰੂਰੀ ਦੱਸਿਆ ਗਿਆ ਹੈ।
ਦਲੀਲ ਬਾਜ਼ੀ ਨੂੰ ਗੁਰਮਤਿ ਵਿਚ ਕੋਈ ਧਾਂ ਨਹੀਂ ਦਿਤੀ ਗਈ।

**– ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲ ਨਾਲਿ ॥** (ਜਪੁਜੀ)

ਗੁਰਮਤਿ ਸਮਝਾਉਂਦੀ ਹੈ ਕਿ ਮਨੁੰਖ ਦੀ ਸੋਚ-ਸ਼ਕਤੀ ਸੀਮਿਤ ਹੈ। ਅਸੀਮ-ਸੱਤ (ਵਾਹਿਗੁਰੂ) ਬਾਰੇ ਪੂਰਾ ਗਿਆਨ ਪ੍ਰਾਪਤ ਨਹੀਂ ਕਰ ਸਕਦੀ। ਮਨੁੰਖ ਕਿੰਨਾ ਵੀ ਸਿਆਣਾ (ਗਿਆਨੀ) ਬਣ ਜਾਵੇ, ਸਿਆਣਪ ਕਤੀ ਹਾਸਲ ਕਰਨ ਵਿਚ ਸਹਾਈ ਨਹੀਂ ਹੁੰਦੀ :

**– ਐਸਾ ਗਿਆਨੁ ਪਦਾਰਥ ਨਾਮੁ ॥ ਗੁਰਮੁਖਿ ਪਾਵਿਸ ਰਸਿ ਰਸਿ ਮਾਨੁ ॥**
**ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥**
**ਕਥਿ ਕਹਣੇ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨੇ ਹੋਈ।** (ਬਿਲਾਵਲ ਮ: 1, ਪੰਨਾ 831)

ਨਿਰੀ ਵਿਦਵਤਾ ਮਨੁੰਖੀ ਜੀਵਨ ਦਾ ਮਨੋਰਥ ਨਹੀਂ, ਨਾ ਹੀ ਇਸ ਨਾਲ ਪ੍ਰਭੂਵਿਚ ਅਭੇਦਤਾ ਪ੍ਰਾਪਤ ਹੁੰਦੀ ਹੈ। ਜੇ ਕੋਈ ਮਨੁਖ ਇੰਨਾਂ ਵਿਦਵਾਨ ਹੀ ਹੋਏ ਕਿ ਉਹ ਨੌਂ ਵਿਆਕਰਣਾਂ, ਛੇ ਸ਼ਾਸਤਰਾਂ, ਚਾਰ ਵੇਦਾਂ ਅਤੇ ਪੁਰਾਣਾਂ ਆਦਿ ਦਾ ਗਿਆਨ ਹਾਸਲ ਕਰ ਲਵੇ, ਇਨ੍ਹਾਂ ਬਾਰੇ ਚਰਚਾ ਕਰਦਾ ਰਹੇ ਅਤੇ ਇਨ੍ਹਾਂ ਨੂੰ ਦਿਨ ਰਾਤ ਪੜ੍ਹਦਾ ਰਹੇ, ਤਾਂ ਭੀ ਉਸ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਪੈ ਸਕਦੀ। ਪਰਮਾਤਮਾ ਦੇ ਨਾਮ ਜਪਣ ਤੋਂ ਬਿਨਾਂ ਵਿਕਾਰਾਂ ਤੋਂ ਖਲਾਸੀ (ਮੁਕਤੀ) ਪ੍ਰਾਪਤ ਨਹੀਂ ਕੀਤੀ ਜਾ ਸਕਦੀ :-

**–ਨਵ ਛਿਅ ਖਟ ਕਾ ਕਰ ਬੀਚਾਰ ॥ ਨਿਸਦਿਨ ਉਚਰੇ ਭਾਰ ਅਠਾਰ ॥**
**ਤਿਨ ਭੀ ਅੰਤੁ ਨ ਪਾਇਆ ਤੋਹਿ ॥ ਨਾਮ ਬਿਹੂਣ ਮੁਕਤਿ ਕਿਉ ਹੋਇ ॥**
**ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖ ਨਾਨਕ ਨਾਮੁ ਪਛਾਣਿਆ ॥** (ਸਾਰੰਗ ਮ: 1)

(9) **ਗਿਆਨ ਪ੍ਰਾਪਤੀ ਲਈ ਸੰਨਿਆਸ ਜ਼ਰੂਰੀ** – ਜਗਤ ਉਤਪਤੀ ਦਾ ਮੂਲ ਕਾਰਨ 'ਮਾਇਆ' ਨੂੰ ਮੰਨਣਾ ਅਤੇ ਜਗਤ ਨੂੰ ਨਿਰਾ ਭਰਮ-ਭੁਲੇਖਾ ਤੇ ਮਿਥਿਆ ਮੰਨਣਾ, ਆਦਿ ਅਜਿਹੇ-ਵਿਚਾਰ ਹਨ ਜਿਹੜੇ ਮਨੁੰਖ ਨੂੰ ਭਾਂਜਵਾਦੀ ਬਣਾਉਂਦੇ ਹਨ, ਜਗਤ ਤਿਆਗਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਸੰਨਿਆਸ ਦੇ ਰਾਹ ਉਪਰ ਤੋਰਦੇ ਹਨ।

ਗਿਆਨ, ਧਿਆਨ ਅਤੇ ਵਿਚਾਰ ਇਹ ਮੁਕਤ ਹੋਣ ਦੇ ਸਾਧਨ ਮੰਨੇ ਗਏ ਹਨ। ਧਿਆਨ ਅਤੇ ਵਿਚਾਰ ਦ੍ਰਿੜ ਕਰਨ ਲਈ ਤਿਆਗ ਅਤੇ ਸੰਨਿਆਸ ਧਾਰਨ ਕਰਨਾ ਜ਼ਰੂਰੀ ਹੈ।

ਗੁਰਮਤਿ ਅਨੁਸਾਰ ਪ੍ਰਭੂਵਿਚ ਅਭੇਦਤਾ ਪ੍ਰਾਪਤ ਕਰਨ ਲਈ ਸੰਨਿਆਸ ਤੇ ਤਿਆਗ ਦੀ ਲੋੜ ਨਹੀਂ। ਪਰਵਿਰਤੀ ਵਿਚ ਨਵਿਰਤੀ ਦੀ ਰੁਚੀ ਰਖਣੀ ਹੈ ਤੇ 'ਸਹਿਜ' ਰਾਹੀਂ ਪਰਮ ਪਦ ਦੀ ਪ੍ਰਾਪਤੀ ਕਰਨੀ ਹੈ। ਸਹਿਜ ਨਾਉਂ ਹੈ ਆਤਮਿਕ ਅਡੋਲਤਾ ਦਾ। ਸਹਿਜ ਨਾ ਤਾਂ ਕਰਮਾਂ, ਰਾਹੀਂ ਉਪਜਦਾ ਹੈ ਤੇ ਨਾ ਹੀ ਗਿਆਨ-ਧਿਆਨ ਨਾਲ। ਸਹਜ ਜਪ-ਤਪ ਦਾ ਵੀ ਵਿਸ਼ਾ ਨਹੀਂ। ਇਹ ਗੁਰੂਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਗੁਰ ਉਪਦੇਸ਼ ਉਤੇ ਚਲਣ ਨਾਲ, ਹਉਮੈ ਦੀ ਮੈਲ ਕਰਕੇ ਉਪਜਿਆ ਸਹਿੰਸਾ (ਭਰਮ) ਦੂਰ ਹੋ ਜਾਂਦਾ ਹੈ, ਸਨ ਇਧਰ-ਉਧਰ ਨਹੀਂ ਡੋਲਦਾ ਅਤੇ ਪ੍ਰਭੂਚਰਨਾਂ ਨਾਲ ਜੁੜਿਆ ਰਹਿੰਦਾ ਹੈ:-

**ਕਰਮੀ ਸਹਜੁ ਨ ਊਪਜੈ, ਵਿਣੁ ਸਹਜੈ ਸਹਸਾ ਨ ਜਾਇ ॥**

**ਨਹ ਜਾਇ ਸਹਸਾ ਕਿਤੈ ਸੰਜਮਿ, ਰਹੇ ਕਰਮ ਕਮਾਏ ॥**

**ਸਹਸੈ ਜੀਉ ਮਲੀਣੁ ਹੈ, ਕਿਤੁ ਸੰਜਮਿ ਧੋਤਾ ਜਾਏ ॥**

**ਮੰਨੁ ਧੋਵਹੁ, ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

**ਕਹੈ ਨਾਨਕ ਗੁਰਪਰਸਾਦੀ ਸਹਜੁ ਉਪਜੈ, ਇਹ ਸਹਸਾ ਇਵ ਜਾਇ ॥** (ਰਾਮਕਲੀ ਮ: 3, ਅਨੰਦ)

ਗੁਰਮਤਿ ਸੰਨਿਆਸ ਦੀ ਥਾਂ ਉਤੇ 'ਸੰਘਰਸ਼' ਦਾ ਰਾਹ ਅਪਨਾਉਣ ਦਾ ਉਪਦੇਸ਼ ਦਿੰਦੀ ਹੈ। ਗੁਰਮਤਿ ਮਨੁੱਖ ਨੂੰ ਸੰਸਾਰ ਅਥਵਾ ਮਾਇਆ ਵਿਚ ਰਹਿਕੇ ਮਾਇਆ ਦੇ ਅਸਰਾਂ, ਵਿਕਾਰਾਂ ਅਤੇ ਸੰਸਾਰਕ ਖਿਚਾਂ ਤੋਂ ਬਚੇ ਰਹਿਣ ਦਾ ਮਾਰਗ ਦਸਦੀ ਹੈ। ਪੂਰੇ ਗੁਰੂਤੋਂ ਸਿਖਿਆ ਲੈ ਕੇ ਨਾਮ ਦੇ ਮਾਰਗ ਉਪਰ ਚੱਲ ਕੇ ਮਨੁੱਖ ਆਪਣੇ ਅੰਦਰ ਅਥਾਹ ਸੱਕਤੀ ਪੈਦਾ ਕਰ ਲੈਂਦਾ ਹੈ ਅਤੇ ਮਾਇਆ ਅਤੇ ਵਿਕਾਰਾਂ ਨਾਲ ਜੂਝਣ ਲਈ ਤਿਆਰ ਹੋ ਜਾਂਦਾ ਹੈ। ਅਜਿਹਾ ਮਨੁਖ ਆਪਣੇ ਆਪ ਨੂੰ 'ਗੋਸਾਈ' ਦਾ ਪਹਿਲਵਾਨੜਾ' ਆਖਦਾ ਹੈ, ਜੋ ਗੁਰੂਤੋਂ ਥਾਪੀ ਲੈ ਕੇ ਜਗਤ-ਅਖਾੜੇ ਵਿਚ ਆਉਂਦਾ ਹੈ ਅਤੇ ਵਿਕਾਰਾਂ ਨਾਲ ਕੁਸ਼ਤੀ ਲੜਦਾ ਹੈ ਤੇ ਉਨ੍ਹਾਂ ਨੂੰ ਚਿੱਤ ਕਰ ਦਿੰਦਾ ਹੈ (ਢਾਹ ਲੈਂਦਾ ਹੈ)। ਇੰਝ ਮਨ ਤੋਂ ਵਿਕਾਰਾਂ ਦੀ ਮੈਲ ਲਾਹ ਕੇ, ਪ੍ਰਭੂਦੀ ਸਿਫ਼ਤ-ਸਲਾਹ ਦੁਆਰਾ, ਉਸ ਨਾਲ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ।

ਗੁਰਮਤਿ ਸਿਧਾਂਤਾਂ ਦਾ ਵੇਦਾਂਤ ਨਾਲ ਟਾਕਰਾ ਕਰਨ ਮਗਰੋਂ ਅਸੀਂ ਇਸ ਸਿਟੇ ਉਤੇ ਪੁਜਦੇ ਹਾਂ ਕਿ ਭਾਵੇਂ ਕਿਤੇ ਕਿਤੇ ਗੁਰਮਤਿ, ਵੇਦਾਂਤ ਨਾਲ ਮੇਲ ਖਾਂਦੀ ਹੈ, ਪਰ ਆਮ ਤੌਰ ਤੇ ਗੁਰਮਤਿ ਵੇਦਾਂਤ ਦੀ ਵਿਚਾਰਧਾਰਾ ਨੂੰ ਪ੍ਰਵਾਨ ਨਹੀਂ ਕਰਦੀ। ਵੇਦਾਂਤ ਭਾਵੇਂ ਹਿੰਦੂ-ਮਤ ਦਾ ਸਿਖਰ ਹੈ, ਪਰ ਗੁਰਮਤਿ ਤੋਂ ਬਹੁਤ ਹੇਠਾਂ ਹੈ।

ਹੁਣ ਆਰੀਆ ਸਮਾਜ ਤੇ ਰਾਮਾ ਕ੍ਰਿਸ਼ਨਾ ਮਿਸ਼ਨ ਦੀ ਸੰਖੇਪ ਜਾਣਕਾਰੀ ਦਿਤੀ ਜਾ ਰਹੀ ਹੈ। ਇਹਨਾਂ ਦਾ ਗੁਰਮਤਿ ਨਾਲ ਟਾਕਰਾ ਪਹਿਲੇ ਹੀ ਦਿਤਾ ਜਾ ਚੁਕਾ ਹੈ।

**ਆਰੀਆ ਸਮਾਜ** :- ਇਸ ਦੇ ਬਾਨੀ ਸਵਾਮੀ ਦਿਆ ਨੰਦ ਜੀ ਕਾਠੀਆਵਾੜ ਦੇ ਰਹਿਣ ਵਾਲੇ ਸਨ।

ਸਵਾਮੀ ਜੀ ਦਾ ਜਨਮ ਪਿੰਡ ਟੰਕਾਰਾ, ਰਿਆਸਤ ਮੋਰਵੀ (ਕਾਠੀਆਵਾੜ) ਵਿਖੇ ਅੰਬਾ ਸ਼ੰਕਰ (ਬ੍ਰਾਹਮਣ) ਦੇ ਗ੍ਰਹਿ ਵਿਚ 1824 ਈ: ਵਿਚ ਹੋਇਆ। ਇਨ੍ਹਾਂ ਦਾ ਮੁਢਲਾ ਨਾਂ ਮੂਲ ਸ਼ੰਕਰ ਸੀ। 8 ਵਰ੍ਹੇ ਦੀ ਉਮਰ ਵਿਚ ਮੂਲ ਸ਼ੰਕਰ ਨੂੰ ਪੜਨੇ ਪਾਇਆ ਗਿਆ। ਇਕ ਵਾਰੀ ਸ਼ਿਵਰਾਤਰੀ ਵਾਲੇ ਦਿਨ ਅੰਬਾ ਸ਼ੰਕਰ ਮੂਲ ਸ਼ੰਕਰ ਨੂੰ ਸ਼ਿਵ ਦੀ ਪੂਜਾ ਕਰਨ ਲਈ ਮੰਦਰ ਵਿਚ ਲੈ ਗਏ। ਪੂਜਾ ਭੇਟ ਕਰਨ ਤੋਂ ਬਾਅਦ ਅੰਬਾ ਸ਼ੰਕਰ ਮੂਲ ਸ਼ੰਕਰ ਨੂੰ ਮੰਦਰ ਵਿਚ ਹੀ ਛਡ ਕੇ ਆਪ ਕਿਤੇ ਚਲਾ ਗਿਆ। ਪਿਛੋਂ ਬਾਲਕੇ ਮੂਲ ਸ਼ੰਕਰ ਨੇ ਵੇਖਿਆ ਕਿ ਚੂਹੇ ਮੂਰਤੀ ਦੇ ਅਗੇ ਪਿਛੇ ਉਤੇ ਤਲੇ ਦਗੜ ਦਗੜ ਕਰਦੇ ਦੇੜਦੇ ਫ਼ਿਰਦੇ, ਪਰ ਮੂਰਤੀ ਉਨ੍ਹਾਂ ਨੂੰ ਵਰਜ ਨਹੀਂ ਸੀ ਸਕਦੀ। ਮਠਿਆਈ ਵੀ ਚੂਹੇ ਹੀ ਖਾ ਰਹੇ ਸਨ, ਮੂਰਤੀ ਨਹੀਂ ਸੀ ਖਾਂਦੀ। ਉਸਨੇ ਸੋਚਿਆ ਕਿ ਜਿਸ ਮੂਰਤੀ ਦਾ ਭੋਜਨ ਚੂਹੇ ਖਾ ਰਹੇ ਹਨ, ਉਹ ਮੂਰਤੀ ਕਿਸੇ ਨੂੰ ਕੀ ਫਲ ਦੇ ਸਕਦੀ ਹੈ? ਇਸ ਖਿਆਲ ਨੇ ਮੂਲ ਸ਼ੰਕਰ ਦੇ ਮਨ ਵਿਚੋਂ ਮੂਰਤੀ ਦੇ ਸ਼ਤਿਕਾਰ ਜਾਂ ਪੂਜਾ ਕਰਨ ਦਾ ਖਿਆਲ ਮੂਲੋਂ ਹਟਾ ਦਿਤਾ।

ਇਸ ਨਿਕੀ ਜਹੀ ਘਟਨਾ ਨੇ ਮੂਲ ਸ਼ੰਕਰ ਦੇ ਮਨ ਤੇ ਬੜਾ ਡੂੰਘਾ ਅਸਰ ਪਾਇਆ ਤੇ ਉਸਨੇ ਵਿਦਿਆ ਪੜ੍ਹਨ ਤੇ ਸਚੇ ਗਿਆਨ ਦੀ ਪ੍ਰਾਪਤੀ ਲਈ ਦ੍ਰਿੜ ਇਰਾਦਾ ਕਰ ਲਿਆ। ਅੰਬਾ ਸ਼ੰਕਰ ਨੇ ਮੂਲ ਸ਼ੰਕਰ ਦੀ ਉਪਰਾਮਤਾ ਨੂੰ ਅਨੁਭਵ ਕਰ ਲਿਆ, ਪਰ ਓਹ ਕਿਸੇ ਹੀਲੇ ਵੀ ਉਸਨੂੰ ਸ਼ਾਦੀ ਆਦਿ ਦੇ ਜੰਜਾਲ ਵਿਚ ਨਾ ਫਸਾ ਸਕਿਆ। ਓਹ ਘਰੋਂ ਨਠ ਗਿਆ, ਅੰਬਾ ਸ਼ੰਕਰ ਉਸ ਨੂੰ  ਲਭ ਕੇ ਘਰ ਲੈ ਆਇਆ, ਪਰ ਉਹ ਫੇਰ ਦਾਅ ਲਾ ਗਿਆ ਤੇ ਫੇਰ ਕਾਬੂ ਨਾ ਆਇਆ। ਦੂਜੀ ਵੇਰ ਨਸਣ ਸਮੇਂ ਉਸਦੀ ਉਮਰ 16 ਵਰਿਆਂ ਦੀ ਸੀ।

ਪਹਿਲੇ ਤਾਂ ਓਹ ਰਮਤੇ ਸਾਧੂਆਂ ਦੀ ਸੰਗਤ ਵਿਚ ਰਮਤਾ ਹੀ ਰਿਹਾ, ਪਰ ਉਸਨੇ ਸੰਨਿਆਸੀ ਪਰਮਾਨੰਦ ਤੋਂ ਗੁਰੂਦੀਖਿਆ ਲਈ ਤੇ ਸੰਨਿਆਸੀ ਬਣ ਗਿਆ। ਹੁਣ ਉਸਦਾ ਨਾਮ ਦਿਆ ਨੰਦ ਸਰਸਵਤੀ ਰਖਿਆ ਗਿਆ।

ਇਸ ਤੋਂ ਬਾਅਦ ਓਹ ਬਨਾਰਸ, ਜਵਾਲਾਪਰ, ਬਦਰਿਕਾ ਆਦਿ ਆਸ਼ਰਮਾਂ ਤੇ ਗਿਆ। 186● ਵਿਚ ਉਸਦਾ ਮੇਲ ਸਵਾਮੀ ਵਿਰਜਾ ਨੰਦ, ਜੋ ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਤੇ ਕਰਤਾਰਪੁਰ ਜ਼ਿਲਾ ਜਲੰਧਰ ਦੇ ਰਹਿਣ ਵਾਲ ਸਨ, ਨਾਲ ਹੋਇਆ। ਸੁਆਮੀ ਦਿਆ ਨੰਦ ਜੀ ਨੇ ਇਨ੍ਹਾਂ ਦੀ ਸੰਗਤ ਵਿਚ ਰਹਿਕੇ ਚੌਹਾ ਵੇਦਾਂ ਦਾ ਗਿਆਨ ਪ੍ਰਾਪਤ ਕੀਤਾ ਤੇ ਵਿਦਿਆ ਸੰਪੂਰਣ ਹੋਣ ਉਪਰੰਤ ਆਗਿਆ ਲੈਣ ਸਮੇਂ ਪੁਛਿਆ ਕਿ ਉਨ੍ਹਾਂ ਨੂੰ ਹੁਣ ਕੀ ਕਰਨਾ ਚਾਹੀਦਾ ਹੈ। ਸੁਆਮੀ ਵਿਰਜਾਨੰਦ ਜੀ ਨੇ ਆਖਿਆ, 'ਸੰਨਿਆਸੀ ਦਾ ਕੰਮ ਪ੍ਰਚਾਰ ਤੇ ਸੁਧਾਰ ਕਰਨ ਤੇ ਪੜ੍ਹੀ ਹੋਈ ਵਿਦਿਆ ਨੂੰ ਫੈਲਾਉਣ' ਇਹ ਆਗਿਆ ਲੈ ਕੇ ਸੁਆਮੀ ਜੀ ਨੇ ਪ੍ਰਚਾਰ ਅਰੰਭ ਕਰ ਦਿਤਾ।

ਉਹ ਸਮਾਂ ਨਵੀਂ ਰੋਸ਼ਨੀ ਦਾ ਸੀ। ਅੰਗਰੇਜ਼ੀ ਰਾਜ ਤੇ ਪੱਛਮੀ ਸਭਯਤਾ ਦੇ ਆਉਣ ਕਰਕੇ ਲੋਕਾਂ ਵਿਚ ਖ਼ਾਸੀ ਤਬਦੀਲੀ ਆ ਰਹੀ ਸੀ। ਈਸਾਈ ਪਾਦਰੀ ਹਿੰਦੂਆਂ ਵਿਚ ਆ ਚੁਕੀ ਸਮਾਜਿਕ ਗਿਰਾਵਟ ਨੂੰ ਮੁਖ ਰਖਕੇ ਹਿੰਦੂਆਂ ਦੇ ਪੁਰਾਣਕ ਮਤ ਦਾ ਖੰਡਨ ਕਰ ਰਹੇ ਸਨ, ਤਾਂ ਜੋ ਹਿੰਦੂ ਆਪਣੇ ਮਤ ਨਾਲ ਘ੍ਰਿਣਾਂ ਕਰਨ ਲਗ ਪੈਣ ਤੇ ਈਸਾਈ ਬਣ ਜਾਣ। ਇਸਲਾਮ ਤੇ ਕੁਝ ਹੋਰ ਮੱਤ ਵੀ ਹਿੰਦੂ ਮਤ ਤੇ ਨਿਤ ਨਵੀਂ ਟੀਕਾ ਟਿਪਣੀ ਕਰ ਰਹੇ ਸਨ।

ਅਜਿਹੇ ਸਮੇਂ ਸਵਾਮੀ ਦਿਆ ਨੰਦ ਨੇ ਵੇਦਕ ਧਰਮ ਦਾ ਪ੍ਰਚਾਰ ਅਰੰਭਿਆ ਤੇ ਹਿੰਦੂਆਂ ਨੂੰ ਉਪਦੇਸ਼ ਦਿਤਾ ਕਿ ਓਹ ਸਮਾਜ ਵਿਚ ਆ ਚੁਕੀਆਂ ਖਰਾਬੀਆਂ ਨੂੰ ਦੂਰ ਕਰਨ ਤੇ ਉਸ ਧਰਮ ਤੇ ਚਲਣ ਜਿਸਦਾ ਜ਼ਿਕਰ ਵੇਦਾਂ ਵਿਚ ਹੈ ਤੇ ਜੋ ਪੁਰਾਤਨ ਮਹਾਂ ਰਿਸ਼ੀਆਂ ਨੇ ਪ੍ਰਚਾਰਿਆ ਹੈ ।ਸਵਾਮੀ ਜੀ ਨੇ ਬੜੇ ਹਾਸ ਰਸ ਤੇ ਵਿਅੰਗ ਭਰੇ ਢੰਗ ਨਾਲ ਰਿਸ਼ੀਆਂ ਨੇ ਪ੍ਰਚਾਰਿਆ ਹੈ। ਸਵਾਮੀ ਜੀ ਨੇ ਬੜੇ ਹਾਸ ਰਸ ਤੇ ਵਿਅੰਗ ਭਰੇ ਢੰਗ ਨਾਲ ਈਸਾਈ ਪੁਰਾਣਕ, ਇਸਲਾਮ ਆਦਿਕ ਮਤਾਂ ਤੇ ਟੀਕਾ ਟਿਪਣੀ ਕੀਤੀ। 186● ਤੋਂ 19●● ਤਕ ਦਾ ਸਮਾਂ ਮਜ਼ਬੀ ਗੋਸ਼ਟਆਂ ਤੇ ਬਹਿਸਾਂ ਦਾ ਕਾਲ ਕਿਹਾ ਜਾ ਸਕਦਾ ਹੈ। ਇਨ੍ਹਾਂ ਜਲਸਿਆਂ ਵਿਚ ਖੰਡਨ ਮੰਡਨ ਕਰ ਕੇ ਸਵਾਮੀ ਦਿਆ ਨੰਦ ਜੀ ਨੇ ਖੂਬ ਪ੍ਰਸਿਧਤਾ ਖਟੀ।

ਸਵਾਮੀ ਦਿਆਨੰਦ ਜੀ ਮੂਰਤੀ ਪੂਜਾ ਦੇ ਸਖਤ ਵਿਰੋਧੀ ਸਨ। ਇਥੋਂ ਤਕ ਕਿ ਉਹ ਆਪਣੀ ਫੋਟੋ ਖਿਚਵਾਣ ਦੇ ਹਕ ਵਿਚ ਵੀ ਨਹੀਂ ਸਨ। ਕਹਿੰਦੇ ਹਨ ਇਕ ਵੇਰ ਕਿਸੇ ਸਜਨ ਨੇ ਉਹਨਾਂ ਦੀ ਫੋਟੋ ਖਿਚਣੀ ਚਾਹੀ, ਤਾਂ ਉਹਨਾਂ ਇਨਕਾਰ ਕਰਦਿਆਂ ਹੋਇਆਂ ਆਖਿਆ, 'ਮੈਂ ਤੈਨੂੰ ਫੋਟੋ ਖਿਚਣ ਨਹੀਂ ਦੇਣੀ ਕਿਉਂਕਿ ਮੈਨੂੰ ਡਰ ਹੈ ਕਿ ਤੂੰ ਕਿਧਰੇ ਮੇਰੀ ਫੋਟੋ ਦੀ ਪੂਜਾ ਕਰਨੀ ਹੀ ਨ ਸ਼ੁਰੂ ਕਰ ਦਵੇਂ।"

ਓਹ ਪੁਰਾਣਾਂ ਦੀ ਵੀ ਸਖਤ ਸੁਖਾਲਫਤ ਕਰਦੇ ਸਨ। ਰਵਾਇਤ ਹੈ ਕਿ ਕਿਸੇ ਸਜਣ ਨੇ ਉਨ੍ਹਾਂ ਪਾਸੋਂ ਪੁਛਿਆ, 'ਤੁਸੀਂ" ਪੁਰਾਣਾਂ ਦੀ ਮੁਖਾਲਫਤ ਕਿਉਂ ਕਰਦੇ ਹੋ? ਉਨ੍ਹਾਂ ਉੱਤਰ ਦਿਤਾ, 'ਤੇਰੇ ਭੋਜਨ ਵਿਚ ਜੇ ਕਰ ਕੋਈ ਜ਼ਹਿਰ ਮਿਲਾ ਦੇਵੇ ਤਾਂ ਤੂੰ ਖਾ ਲਵੇਗਾ?" ਉੱਤਰ ਵਿਚ ਉਸ ਨੇ ਆਖਿਆ, "ਜੀ ਨਹੀਂ" ਸਵਾਮੀ ਜੀ ਨੇ ਮੁੜ ਕਿਹਾ, 'ਬਸ ਇਹੋ ਹਾਲਤ ਪੁਰਾਣਾਂ ਦੀ ਹੈ। ਇਨ੍ਹਾਂ ਵਿਚ ਬੜੀ ਗੜ ਬੜ ਹੋ ਚਕੀ ਹੈ ਇਸ ਲਈ ਇਨ੍ਹਾਂ ਨੂੰ ਮੰਨਣ ਦੀ ਲੋੜ ਨਹੀਂ ਹੈ।"

ਮੂਰਤੀ ਪੂਜਕ ਉਨ੍ਹਾਂ ਦੇ ਜਾਨੀ ਦੁਸ਼ਮਣ ਬਣ ਚੁਕੇ ਸਨ। ਇਕੇਰਾਂ ਇਕ ਆਦਮੀ ਤਾਂ ਮਾਰਨ ਵੀ ਗਿਆ ਪਰ ਉਨ੍ਹਾਂ ਦੇ ਪ੍ਰਭਾਵ ਹੇਠ ਆ ਕੇ ਮਾਰ ਨ ਸਕਿਆ।

17 ਨਵੰਬਰ 1869 ਨੂੰ ਕਾਂਸ਼ੀ ਵਿਚ ਉਥੋਂ ਦੇ ਰਾਜਾ ਜੈ ਕ੍ਰਿਸ਼ਨ ਦੀ ਪ੍ਰਧਾਨਗੀ ਹੇਠ ਇਕ ਜਲਸਾ ਹੋਇਆ ਜਿਸ ਵਿਚ ਸਵਾਮੀ ਦਿਆਨੰਦ ਜੀ ਨੇ ਕਲਿਆਂ ਹੀ ਪੰਜ ਛੇ ਸੌ ਪੰਡਤਾਂ ਨਾਲ ਮੂਰਤੀ ਪੂਜਾ ਤੇ ਦੇਵ ਪੂਜਾ ਦੇ ਸਿਧਾਂਤਾਂ ਤੇ ਸ਼ਾਸ਼ਤ੍ਰਾਰਥ ਕੀਤਾ ਤੇ ਇਨਾਂ ਨੂੰ ਵੇਦਾਂ ਦੇ ਵਿਰੁਧ ਦਸ ਕੇ ਜ਼ੋਰਦਾਰ ਖੰਡਨ ਕੀਤਾ। ਇਸ ਤੋਂ ਬਾਅਦ ਉਹ ਸਾਰੇ ਭਾਰਤ ਵਰਸ਼ ਵਿਚ ਪ੍ਰਚਾਰ ਦੌਰਾ ਕਰਨ ਲਗ ਪਏ।

ਪਹਿਲੀ ਆਰੀਆ ਸਮਾਜ 1 ਮਾਰਚ 1875 ਨੂੰ ਉਨ੍ਹਾਂ ਬੰਬਈ ਵਿਚ ਕਾਇਮ ਕੀਤੀ। ਇਸ ਤੋਂ ਮਗਰੋਂ ਉਨ੍ਹਾਂ ਸਤਿਆਰਥ ਪ੍ਰਕਾਸ਼ ਜਿਸ ਵਿਚ ਬਾਕੀ ਧਰਮਾਂ ਵਾਂਗੂ ਸਿੱਖ ਧਰਮ ਬਾਰੇ ਵੀ ਕਾਫੀ ਊਲ ਜਲੂਲ ਲਿਖਿਆ ਗਿਆ ਹੈ ਤੇ ਵੇਦਾਂ ਦਾ ਭਾਸ਼ਣ ਲਿਖਣੀ ਸ਼ੁਰੂ ਕੀਤੀ। 1875 ਵਿਚ ਚਾਂਦ ਪੁਰ ਵਿਖੇ ਹਿਕ ਸਰਬ ਧਰਮ ਸੰਮੇਲਣ ਹੋਇਆ, ਜਿਸ ਵਿਚ ਸਵਾਮੀ ਜੀ ਨੇ ਵੇਦਕ ਧਰਮ ਦਾ ਪਰਚਾਰ ਤੇ ਦੂਜੇ ਮਤਾਂ ਦਾ ਖੰਡਨ ਮੰਡਨ ਕੀਤਾ ਤੇ ਕਾਫੀ ਪ੍ਰਸਿਧਤਾ ਹਾਸਲ ਕੀਤੀ।

ਪੰਜਾਬ ਵਿਚ ਸਵਾਮੀ ਜੀ 1877 ਵਿਚ ਆਏ। ਇਥੇ ਕੁਝ ਕੁ ਸਜਣਾਂ ਨੇ ਇਨ੍ਹਾਂ ਦੇ ਖਿਆਲਾਂ ਨੂੰ ਅੰਗੀਕਾਰ ਕਰ ਲਿਆ। ਜਿਨ੍ਹਾਂ ਉਨ੍ਹਾਂ ਦੇ ਖਿਆਲ ਪਹਿਲੋ-ਪਹਿਲ ਕਬੂਲੇ ਉਨ੍ਹਾਂ ਵਿਚੋਂ ਗੁਰੂਦੱਤ, ਲਾਜਪਤਾ ਰਾਏ, ਮਹਾਤਮਾ ਹੰਸ ਰਾਜ, ਡਾਕਟਰ ਜੈ ਸਿੰਘ ਤੇ ਭਾਈ ਗੁਰਮੁਖ ਸਿੰਘ ਜੀ ਦੇ ਨਾਮ ਵਰਨਣ ਯੋਗ ਹਨ। ਆਰੀਆ ਸਮਾਜ ਤਾਂ ਕਾਇਮ ਹੋ ਗਈ, ਪਰ ਭਾਈ ਗੁਰਮੁਖ ਸਿੰਘ ਤੇ ਡਾਕਟਰ ਜੈ ਸਿੰਘ ਬਹੁਤਾ ਚਿਰ ਇਨ੍ਹਾਂ ਨਾਲ ਨਾ ਤੁਰ ਸਕੇ। ਇਨ੍ਹਾਂ ਦੇ ਖਿਆਲ ਕੁਝ ਅਡਰੇ ਸਨ, ਇਸ ਲਈ ਇਹ ਸਿੰਘ ਸਭਾ ਦੇ ਹਾਮੀਆਂ ਵਿਚ ਆ ਰਲੇ। ਸਿੰਘ ਸਭਾਈਆਂ ਆਰਿਆ ਤੇ ਸਮਾਜੀਆਂ ਵਿਚ ਮਤ ਭੇਦ ਸ਼ੁਰੂ ਹੋ ਗਏ। ਸਵਾਮੀ ਜੀ ਨੇ ਗਿਆਨੀ ਦਿਤ ਸਿੰਘ ਜੀ ਨਾਲ ਬਹਿਸ ਕੀਤੀ। ਗਿਆਨੀ ਜੀ ਨੇ ਦੋ ਤਿੰਨ ਵਾਰੀ ਸਵਾਮੀ ਜੀ ਦੇ ਮਤ ਦਾ ਖੂਬ ਖੰਡਨ ਕੀਤਾ ਤੇ ਤਕੜੀ ਹਾਰ ਦਿਤੀ।

ਸਹਾਰਨਪੁਰ ਵਿਚ ਇਨ੍ਹਾਂ ਦਾ ਪਤ੍ਰਿਕ ਮੇਲ ਨੀਊਯਾਰਕ ਦੀ ਥੀਓਸਾਫੀਕਲ ਸੋਸਾਇਟੀ ਦੇ ਕੁਝ ਮੁਖੀਆਂ ਨਾਲ ਹੋਇਆ। ਥੋੜੀ ਬਹੁਤੀ ਖਤੋ ਖਿਤਾਬਤ ਵੀ ਚਲੀ ਤੇ ਫੇਰ 1878 ਈ: ਵਿਚ ਉਹ ਸਹਾਰਨਪੁਰ ਵਿਚ ਹੀ ਇਕ ਦੂਜੇ ਨੂੰ ਮਿਲੇ। ਕੁਝ ਦਿਨ ਮਿਲਕੇ ਕੰਮ ਕਰਨ ਮਗਰੋਂ ਟੁਟ ਗਈ ਤੇ ਦੋਵੇਂ ਸੰਸਥਾਵਾਂ ਮੁੜ ਵਖ ਹੋ ਗਈਆਂ।

ਰਾਜਾ ਜੋਧ ਪੁਰ ਦੇ ਸਦੇ ਤੇ ਜੋਧ ਪੁਰ ਵਿਚ ਚਾਰ ਮਹੀਨੇ ਠਹਿਰ ਕੇ ਕਈ ਵਿਸ਼ਿਆਂ ਤੇ ਰੋਸ਼ਨੀ ਪਾਂਦੇ ਰਹੇ। ਉਦੇਪੁਰ ਵੀ ਉਹ ਹੋ ਆਏ ਸਨ। ਰਾਜ ਦਰਬਾਰਾਂ ਵਿਚ ਵੇਸ਼ਵਾਵਾਂ ਦੇ ਮੁਜਰੇ ਵੀ ਉਹਨਾਂ ਬੰਦ ਕਰਵਾ ਦਿਤੇ ਸਨ।

ਮੂਰਤੀ ਪੂਜਕ ਉਨ੍ਹਾਂ ਦੇ ਵਿਰੋਧੀ ਤਾਂ ਹੈ ਹੀ ਸਨ, ਹੁਣ ਉਨ੍ਹਾਂ ਦੇ ਜਾਨੀ ਦੁਸ਼ਮਣ ਬਣ ਕੇ ਸਵਾਮੀ ਜੀ ਨੂੰ ਮਾਰਨ ਦੇ ਕਈ ਹੀਲੇ ਵੀ ਕੀਤੇ। ਆਖਰ ਉਨ੍ਹਾਂ ਇਕ ਜਗਨ ਨਾਥ ਰਸੋਈਏ ਨੂੰ ਲਾਲਚ ਦੇ ਕੇ ਕਾਬੂ ਕਰ ਲਿਆ ਤੇ ਸਵਾਮੀ ਜੀ ਨੂੰ ਭੋਜਨ ਵਿਚ ਜ਼ਹਿਰ ਖਵਾ ਦਿਤਾ, ਜਿਸ ਦਾ ਸਵਾਮੀ ਜੀ ਨੂੰ ਛੇਤੀ ਹੀ ਪਤਾ ਲਗ ਗਿਆ। ਪਰ ਉਨ੍ਹਾਂ ਰਸੋਈਏ ਨੂੰ ਫੇਰ ਵੀ ਬਖਸ਼ ਦਿਤਾ। ਉਹਨੂੰ ਉਥੋਂ ਨਸ ਜਾਣ ਲਈ ਹਦਾਇਤ ਕੀਤੀ। ਜ਼ਹਿਰ ਦਾ ਅਸਰ ਤਾਂ ਹੋ ਚੁਕਾ ਸੀ, ਇਲਾਜ ਤਾਂ ਕਾਫੀ ਕੀਤੇ ਗਏ, ਪਹਾੜ ਤੇ ਵੀ ਭੇਜੇ ਗਏ, ਪਰ ਅਰੋਗ ਨਾ ਹੋ ਸਕੇ। 30 ਅਕਤੂਬਰ ਸੰਨ 1883 ਨੂੰ ਦੀਵਾਲੀ ਵਾਲੀ ਰਾਤ ਦਰਗਾਹੀ ਸਦਾ ਆ ਪਹੁੰਚਿਆ ਤੇ ਆਪ ਅਜਮੇਰ ਵਿਚ ਹੀ ਸਰੀਰਕ ਜਾਮਾ ਤਿਆਗ-ਗਏ।

**ਆਰੀਆ ਸਮਾਜ ਦੇ ਸਿਧਾਂਤ ਤੇ ਅਸੂਲ :**

1. ਸਮੂਹ ਵਿਦਿਆਵਾਂ, ਤੇ ਵਿਦਿਆਵਾਂ ਦੁਆਰਾ ਜਾਣੇ ਵਾਲੇ ਪਦਾਰਥਾਂ ਦਾ ਮੂਲ ਪਰਮਾਤਮਾ ਹੈ।
2. ਈਸ਼ਵਰ-ਸਚ-ਚਿਤ ਨੰਦ, ਨਿਰਾਕਾਰ, ਸਰਬ ਸ਼ਕਤੀਮਾਨ, ਨਿਆਕਾਰੀ, ਦਿਆਲੂ ਅਜਨਮ, ਅਨੰਤ, ਨਿਰਵਿਕਾਰ, ਅਨੂਪਮ, ਅਨਾਦੀ, ਸਰਬ ਆਧਾਰ ਤੇ ਸ੍ਰਿਸ਼ਟੀ ਦਾ ਕਰਤਾ ਹੈ। ਉਸੇ ਦੀ ਪੂਜਾ ਤੇ ਉਪਾਸ਼ਨਾ ਕਰਨੀ ਚਾਹੀਦਾ ਹੈ।
3. ਵੇਦ ਸਭ ਵਿਦਿਆ ਦਾ ਮੂਲ ਹੈ। ਉਸ ਦਾ ਪੜ੍ਹਨਾ ਹਰੇਕ ਆਰੀਅਨ ਦਾ ਧਰਮ ਹੈ।
4. ਸਤ ਦੇ ਗ੍ਰਹਿਣ ਕਰਨ ਤੇ ਅਸਤ ਦੇ ਤਿਆਗ ਲਈ ਸਦਾ ਤੱਤਪਰ ਰਹਿਣਾ ਚਾਹੀਦਾ ਹੈ।
5. ਸਭ ਕਾਰਜ-ਧਰਮ ਤੇ ਸਚਾਈ ਅਨੁਸਾਰ ਕਰੋ।

6. ਸੰਸਾਰ ਦੇ ਭਲੇ ਲਈ, ਸਰੀਰਕ ਸਮਾਜਕ ਤੇ ਹਰ ਪ੍ਰਕਾਰ ਦੀ ਉੱਨਤੀ ਲਈ ਪਰਿਸ਼ਰਮ ਕਰਨਾ, ਹਰ ਆਰੀਆ ਦਾ ਧਰਮ ਹੈ।

7. ਸਭ ਨਾਲ ਪਰੇਮ ਪੂਰਵਕ ਤੇ ਧਰਮ ਅਨੁਸਾਰ ਵਰਤਾਉ ਕਰਨਾ ਚਾਹੀਦਾ ਹੈ।

8. ਵਿਦਿਆ ਲਈ ਜਤਨ ਕਰਨਾ ਉਚਿਤ ਹੈ।

9. ਕੇਵਲ ਜ਼ਾਤੀ ਉੱਨਤੀ ਲਈ ਜਤਨ ਕਰਨਾ ਕਾਫੀ ਨਹੀਂ। ਹਰੇਕ ਮਨੁੱਖ ਨੂੰ ਦੂਜਿਆਂ ਲਈ ਵੀ ਜਤਨ ਕਰਨਾ ਚਾਹੀਦਾ ਹੈ।

10. ਸਮਾਜ ਦੇ ਭਲੇ ਲਈ ਨਿਯਮਾਂ ਦੇ ਪਾਲਨ ਵਿਚ ਪ੍ਰਤੀਤ ਦੀ ਲੋੜ ਹੈ, ਪ੍ਰੰਤੂ ਹਿਤਕਾਰੀ ਨਿਯਮ ਸੁੰਤਤਰਤਾ ਨਾਲ ਵੀ ਪਾਲਨ ਕੀਤੇ ਜਾ ਸਕਦੇ ਹਨ।

ਸਵਾਮੀ ਦਿਆ ਨੰਦ ਜੀ ਨੇ ਹੇਠ ਲਿਖੇ ਗਰੰਥ ਲਿਖੇ ਹਨ :-

1. ਸਤਯਾਰਥ ਪ੍ਰਕਾਸ਼ 2. ਰਿਗ ਵੇਦ ਭਾਸ਼ ਭੂਮਿਕਾ
3. ਸੰਸਕਾਰ ਵਿਧੀ 4. ਗੋ ਕਰਣਾ ਨਿਧੀ

ਸਤਯਾਰਥ ਪ੍ਰਕਾਸ਼ ਆਰੀਆ ਸਮਾਜ ਦਾ ਧਾਰਮਕ ਗ੍ਰੰਥ ਹੈ, ਇਸ ਅਨੁਸਾਰ ਤਿੰਨ ਪਦਾਰਥ ਅਨਾਦੀ ਹਨ :

1. ਜੀਵ 2. ਪ੍ਰਕ੍ਰਿਤੀ 3. ਪੁਰਸ਼।

ਇਸ ਤੋਂ ਇਲਾਵਾ ਹੇਠ ਲਿਖੇ ਸਿਧਾਤਾਂ ਦਾ ਵੀ ਵਿਸਥਾਰ ਹੈ -

1. ਮੂਰਤੀ ਪੂਜਾ ਦਾ ਖੰਡਨ।
2. ਜ਼ਾਤ ਜਨਮ ਅਨੁਸਾਰ ਨਹੀਂ, ਕਰਮ ਅਨੁਸਾਰ ਹੈ।
3. ਜ਼ਾਤ ਪਾਤ ਤੇ ਛੂਤ-ਛਾਤ ਬਿਲਕੁਲ ਨਹੀਂ ਮੰਨਣੀ ਚਾਹੀਦੀ।
4. ਵਿਧਵਾ ਵਿਆਹ ਵਿਚ ਰੁਕਾਵਟ ਨਹੀਂ ਚਾਹੀਦੀ।
5. ਸੰਤਾਨ ਉਤਪਤੀ ਲਈ 'ਸੁਯੋਗ' (ਪਰਾਏ ਮਰਦ ਕੋਲ ਜਾਣਾ) ਕਰਣਾ ਗੁਨਾਹ ਨਹੀਂ ਸਗੋਂ ਲੋੜੀਂਦਾ ਹੈ।
6. ਸ਼ਰਾਧ ਤੇ ਤੀਰਥ ਪੂਜਾ ਕਰਨੀ ਅਕਾਰਥ (ਵਿਅਰਥ) ਹੈ।

ਉਪਰੋਕਤ ਸਿਧਾਂਤ ਮੁਢਲੇ ਸਿਧਾਂਤ ਹਨ।

ਆਰੀਆ ਸਮਾਜ ਦਾ ਪ੍ਰਚਾਰ ਸਭ ਤੋਂ ਵਧ ਪੰਜਾਬ ਵਿਚ ਹੀ ਹੋਇਆ ਹੈ। ਸਭ ਤੋਂ ਪਹਿਲਾਂ ਡੀ. ਏ. ਵੀ. ਕਾਲਿਜ ਲਾਹੌਰ ਵਿਚ ਹੀ ਬਣਿਆ ਸੀ। ਇਸ ਦਾ ਇਕ ਖਾਸ ਕਾਰਨ ਵੀ ਹੈ, ਜੋ 1901 ਦੇ ਮਰਦਮ ਸ਼ੁਮਾਰੀ ਦੇ ਸੁਪ੍ਰਿੰਟੈਡੈਂਟ ਦੀ ਰਿਪੋਰਟ ਤੋਂ ਭਲੀ ਪ੍ਰਕਾਰ ਸਪਸ਼ਟ ਹੈ :

"ਆਰੀਆ ਸਮਾਜ ਦਾ ਪ੍ਰਚਾਰ ਵਧੇਰੇ ਪੰਜਾਬ ਵਿਚ ਤੇ ਖਾਸ ਕਰਕੇ ਉੱਤਰੀ ਪਛਮੀ ਜ਼ਿਲਿਆਂ ਵਿਚ ਹੋਇਆ। ਇਸ ਦਾ ਕਾਰਨ ਇਹ ਹੈ ਕਿ ਇਥੇ ਸ੍ਰੀ ਗੁਰੂਨਾਨਕ ਦੇਵ ਜੀ ਨੇ ਮੂਰਤੀ ਪੂਜਾ ਤੇ ਸਮਾਜਕ ਖਰਾਬੀਆਂ ਦਾ ਖੰਡਨ ਕੀਤਾ ਸੀ।"

## ਰਾਮਾ ਕ੍ਰਿਸ਼ਨ ਮਿਸ਼ਨ

ਜਿਹਾ ਕਿ ਮਿਸ਼ਨ ਦੇ ਨਾਂ ਤੋਂ ਸਪਸ਼ਟ ਹੈ ਇਸ ਮਿਸ਼ਨ ਦੇ ਮੋਢੀ ਸਾਧੂਰਾਮਾ ਕ੍ਰਿਸ਼ਨਾ ਜੀ ਸਨ, ਜੋ 19ਵੀਂ ਸਦੀ ਦੇ ਪ੍ਰਸਿਧ ਪੁਰਸ਼ ਕਹੇ ਜਾਂਦੇ ਹਨ ।ਆਪ ਦੀ ਈਸ਼੍ਵਰ ਭਗਤੀ, ਕੋਮਲ ਸੁਭਾਵ ਤੇ ਸਾਧੂਬ੍ਰਿਤੀ ਬੜੀ ਆਕਰਸ਼ਕ ਸੀ, ਜਿਸ ਨੇ ਅਨੇਕਾਂ ਧਰਮੋਂ ਗੁਮਰਾਹ ਹੋਏ ਨਾਸਤਕਾਂ ਨੂੰ ਵੀ ਆਸਤਕ ਬਣਾ ਦਿਤਾ। ਸ੍ਰੀ ਈਸ਼ਵਰ ਚੰਦਰ ਤੇ ਨਵੀਨ ਕਾਲ ਦੇ ਪ੍ਰਸਿਧ ਵਿਦਵਾਨ ਸਵਾਮੀ ਵਿਵੇਕਾਨੰਦ ਜੀ ਜਿਨ੍ਹਾਂ ਨੇ, ਅਮਰੀਕਾ ਆਦਿ ਦੇਸ਼ਾਂ ਦਾ ਰਟਨ ਕਰਕੇ ਹਿੰਦੂਫਿਲਾਸਫੀ ਨੂੰ ਆਪਣੇ ਲੈਕਚਰਾਂ ਰਾਹੀਂ ਪਰਚਾਰਿਆ ਤੇ ਉਸ ਦੀ ਧਾਂਕ ਜਮਾਈ ਸੀ ਵੀ, ਆਪ ਜੀ ਦੇ ਹੀ ਚੇਲੇ ਸਨ।

### ਸ੍ਰੀ ਰਾਮਾ ਕਿਸ਼ਨਾ ਜੀ ਦੀ ਜੀਵਨੀ

ਸ੍ਰੀ ਰਾਮ ਕ੍ਰਿਸ਼ਨ ਜ਼ੀ ਦਾ ਜਨਮ ਬੰਗਾਲ ਦੇ ਇਕ 'ਕਮਾਲ ਪੁਕਰ' ਪਿੰਡ ਵਿਚ ਹੋਇਆ। ਆਪ ਦੇ ਪਿਤਾ ਖੁਦੀ ਰਾਮ ਇਕ ਗਰੀਬ ਬ੍ਰਾਹਮਣ ਸਨ। ਮਾਂ ਦਾ ਨਾਮ ਚੰਦਰ ਮਣੀ ਸੀ। ਖੁਦੀ ਰਾਮ ਦਾ ਖਾਨਦਾਨ ਚਿਰ ਕਾਲ ਤੋਂ ਪਿੰਡ ਦੇਰੀ ਪੁਰ ਜ਼ਿਲਾ ਹੁਗਲੀ (ਬੰਗਾਲ) ਦਾ ਵਸਨੀਕ ਚਲਾ ਆ ਰਿਹਾ ਸੀ, ਪਰ ਖੁਦੀ ਰਾਮ ਜੀ ਨੂੰ ਮਜਬੂਰ ਹੋ ਕੇ ਆਪਣਾ ਪਿਤਾ ਪੁਰਖੀ ਪਿੰਡ ਛਡ ਕੇ ਕਮਾਰ ਪੁਕਰ' ਰਿਹਾਇਸ਼ ਅਖਤਿਆਰ ਕਰਨੀ ਪਈ। ਇਸ ਦਾ ਕਾਰਨ ਇਨ੍ਹਾਂ ਦਾ ਰਾਸਤੀ ਪਸੰਦ ਤੇ ਅਸੂਲ ਦਾ ਪੱਕਾ ਹੋਣਾ ਸੀ। ਕਹਿੰਦੇ ਨੇ, ਦੇਰੀ ਪੁਰ ਦੇ ਇਕ ਮੂੰਹ ਜ਼ੋਰ ਤੇ ਹੰਕਾਰੀ ਜ਼ਿਮੀਂਦਾਰ ਨੇ ਕਿਸੇ ਮੁਕਦਮੇ ਵਿਚ ਇਨ੍ਹਾਂ ਨੂੰ ਝੂਠਾ ਗਵਾਹ ਬਣਾ ਕੇ ਪੇਸ਼ ਕਰਨਾ ਚਾਹਿਆ ਪਰ ਬਹੁਤਾ ਲੋਭ ਲਾਲਚ ਦੇਣ ਤੇ ਵੀ ਇਹ ਰਜ਼ਾਮੰਦ ਨਾ ਹੋਏ, ਜਿਸ ਕਰਕੇ ਉਸ ਨੇ ਇਨ੍ਹਾਂ ਨੂੰ ਅਜਿਹਾ ਤੰਗ ਕਰਨਾ ਸ਼ੁਰੂਕੀਤਾ ਕਿ ਲਾਚਾਰ ਹੋ ਇਨ੍ਹਾਂ ਨੂੰ ਆਪਣਾ ਹਕੀਕੀ ਪਿੰਡ ਛਡਣਾ ਹੀ ਪਿਆ ਤੇ ਆਪ ਗਵਾਂਢ ਦੇ ਇਕ ਹੋਰ ਪਿੰਡ ਕਮਾਰ ਕਪੂਰ' ਆ ਵਸੇ। ਏਸ ਥਾਂ ਤੇ ਕਿਸੇ ਭਲੇ ਲੋਕ ਨੇ ਆਪ ਨੂੰ ਰਹਿਣ ਲਈ ਥਾ ਤੇ ਵਾਹਣ ਲਈ ਭੂਮੀ ਦੇ ਦਿਤੀ। ਇਸ ਤਰ੍ਹਾਂ ਉਹ ਆਪਣਾ ਤੇ ਆਪਣੇ ਪ੍ਰਵਾਰ ਦਾ ਨਿਰਬਾਹ ਕਰਨ ਲਗ ਪਏ। ਇਸ ਪਿੰਡ ਵਿਚ ਰਹਿੰਦਿਆਂ ਖਦੀ ਰਾਮ ਨੂੰ ਛੇ ਸਾਲ ਹੋ ਗਏ ਸਨ। ਇਸ ਦਾ ਵਡਾ ਲੜਕਾ ਰਾਮ ਕੁਮਾਰ ਪੜ੍ਹ ਲਿਖ ਕੇ ਹੁਣ ਘਰ ਦਾ ਕੰਮ ਕਾਰ ਸੰਭਾਲਣ ਯੋਗ ਹੋ ਚੁਕਾ ਸੀ। ਇਸ ਨੇ ਆਪਣੀ ਇਕ ਲੜਕੀ ਦੀ ਵਿਆਹ ਵੀ ਕਰ ਲਿਆ ਸੀ। ਹੁਣ ਇਸ ਨੂੰ ਘਰ ਵਲੋਂ ਕਾਫੀ ਬੇਫਿਕਰੀ ਸੀ, ਇਸ ਲਈ ਸੰਨ 1824 ਵਿਚ ਇਹ 'ਰਾਮ ਏਸ਼ਰ' ਦੀ ਤੀਰਥ ਯਾਤਰਾ ਕਰਨ ਟੁਰ ਗਿਆ ਤੇ ਉਥੋ ਜਦ ਵਾਪਸ ਆਇਆ ਤਾਂ ਇਸਦੇ ਘਰ ਇਕ ਬਾਲਕ ਨੇ ਜਨਮ ਲਿਆ। ਰਾਮੇਸ਼੍ਵਰ ਵਿਸ਼ਵਾਸ਼ੀ ਨੇ ਨਵਜਨਮੇ ਪੁਤਰ ਦਾ ਨਾ ਵੀ 'ਰਾਮਏਸ਼ਰ' ਹੀ ਰਖ ਦਿਤਾ। ਇਸ ਤੋਂ ਬਾਅਦ 'ਸਰਵ ਮੰਗਲਾ' ਨਾਂ ਦੀ ਇਕ ਹੋਰ ਲੜਕੀ ਇਸ ਦੇ ਘਰ ਹੋਈ। 6● ਸਾਲ ਦੀ ਉਮਰ ਵਿਚ ਖੁਦੀ ਰਾਮ ਫੇਰ ਤੀਰਥ ਯਾਤਰਾ ਕਰਨ ਟੁਰ ਗਿਆ। ਉਸ ਵੇਲੇ ਸੰਨ 1835 ਈ: ਸੀ। ਸੰਨ 1836 ਵਿਚ ਇਹ ਤੀਰਥ ਯਾਤਰਾ ਮੁਕਾ ਕੇ ਘਰ ਪਰਤ ਆਇਆ ਤੇ ਵਾਪਸੀ ਤੇ 8 ਫਰਵਰੀ 1839 ਨੂੰ ਇਸ ਦੇ ਘਰ ਕਰਤਾਰ ਨੇ ਇਕ ਹੋਰ ਬਾਲਕ ਬਖਸ਼ਿਆਂ, ਜਿਸਦਾ ਨਾਮ 'ਗਦਾ-ਧਰ' ਰਖਿਆ ਗਿਆ ਪਰ ਬਾਹਦ ਵਿਚ ਈਹੋ ਗਦਾ-ਧਰ ਰਾਮ ਕ੍ਰਿਸ਼ਨ ਕਰਕੇ ਪ੍ਰਸਿਧ ਹੋਇਆ।

ਪੰਜ ਸਾਲ ਦੀ ਉਮਰ ਵਿਚ ਗਦਾ-ਧਰ ਨੂੰ ਸੰਸਕ੍ਰਿਤ ਪਾਠਸ਼ਾਲਾ ਵਿਚ ਸੰਸਕ੍ਰਿਤ ਪੜ੍ਹਨ ਲਈ ਪਾਇਆ ਗਿਆ, ਪਰ ਬਾਲਕ ਕੁਝ ਸੰਤ ਬ੍ਰਿਤੀ ਵਾਲਾ ਸੀ। ਇਸ ਦਾ ਵਧੇਰੇ ਰਜ਼ੂਹ ਆਈ ਗਈ ਗਿਆਨ ਜਾਂ ਭਜਨ ਮੰਡਲੀਆਂ ਵਲ ਰਹਿੰਦਾ ਸੀ। ਇਹ ਇਨ੍ਹਾਂ ਪਾਸੋਂ ਕਥਾ ਕਹਾਣੀਆਂ ਤੇ ਭਜਨ ਆਦਿ ਸੁਣਦਾ ਤੇ ਉਨ੍ਹਾਂ ਦੇ ਹੀ ਗਾਉਣ ਸੁਣਾਨ ਵਿਚ ਰੁਝਾ ਰਹਿੰਦਾ ਸੀ। ਇਸ ਕਰਕੇ ਪੜ੍ਹਾਈ ਵਿਚ ਇਸ ਦੀ ਬ੍ਰਿਤੀ ਨਾ ਲਗੀ। ਅਜੇ ਗਦਾ ਧਰ ਮਸਾ ਸਤਾਂ ਕੁ ਸਾਲਾਂ ਦਾ ਹੀ ਹੋਇਆ ਸੀ ਕਿ ਖੁਦੀ ਰਾਮ ਚਲ ਬਸੇ।

ਪਿਤਾ ਦੇ ਚਲਾਣੇ ਮਗਰੋਂ ਵਡੇ ਪੁਤਰ ਰਾਮ ਕੁਮਾਰ ਨੇ ਹੀ ਘਰ ਦੀ ਦੇਖ ਸੰਭਾਲ ਕੀਤੀ। 9 ਸਾਲ ਦੀ ਉਮਰ ਵਿਚ ਗਦਾ-ਧਰ ਦੀ ਜਨੇਊਦੀ ਰਸਮ ਅਦਾ ਕੀਤੀ ਗਈ। ਕੁਲ ਰੀਤ ਅਨੁਸਾਰ ਜਨੇਊਪਾਣ ਮਗਰੋਂ ਇਸ ਨੂੰ ਆਪਣੀ ਜਾਤੀ ਦੀ ਕਿਸੇ ਬੁਢੀ ਔਰਤ ਪਸੋਂ ਭਿਛਿਆ ਲੈਣੀ ਜ਼ਰੂਰੀ ਸੀ, ਪਰ ਬਾਲਕ ਗੰਗਾਧਰ ਨੇ ਭਿਛਆ ਲਈ ਧਨੀ ਨਾਂ ਦੀ ਇਕ ਲੁਹਾਰ ਇਸਤ੍ਰੀ ਦਾ ਘਰ ਚੁਣਿਆ। ਬ੍ਰਾਹਮਣਾ ਦੇ ਰਿਵਾਜ ਅਨੁਸਾਰ ਸ਼ੂਦਰ ਦੇ ਘਰ ਦੀ ਭਿਖਿਆ ਲੈਣੀ ਵਿਵਰਜਤ ਸੀ, ਇਸ ਲਈ ਉਨ੍ਹਾਂ ਗਦਾ ਧਰ ਦੀ ਇਹ ਚੋਣ ਨਾਪਸੰਦ ਕੀਤੀ ਤੇ ਆਗਿਆ ਨਾ ਦਿਤੀ। ਗਦਾਧਰ ਨੇ ਪੰਡਤਾ ਦੀ ਇਕ ਨਾ ਮੰਨੀ ਤੇ ਰੋਟੀ ਪਾਣੀ ਛਡ ਕੇ ਕਿਤੇ ਲੁਕ ਗਿਆ। ਆਖਰ ਰਾਮ ਕੁਮਾਰ ਨੂੰ ਆਪਣੇ ਨਿਕੇ ਭਰਾ ਦੀ ਈਨ ਮੰਨਣੀ ਪਈ ਤੇ ਉਹ ਧਨੀ ਦੇ ਘਰੋਂ ਹੀ ਭਿਖਿਆ ਲੈ ਕੇ ਆਇਆ।

ਘਰ ਦੇ ਖਰਚ ਤੇ ਨਿਹਬਾਹ ਦੀ ਔਖਿਆਈ ਤੋਂ ਤੰਗ ਹੋ ਕੇ ਰਾਮ ਕੁਮਾਰ ਨੇ ਕਲਕਤੇ ਵਿਚ ਇਕ ਸੰਸਕ੍ਰਿਤ ਵਿਦਯਾਲਯ ਖੋਲੀ ਤੇ ਉਥੇ ਹੀ ਗਦਾਧਰ ਨੂੰ ਵੀ ਪੜ੍ਹਾਨ ਦਾ ਯਤਨ ਕੀਤਾ, ਪਰ ਉਸਦਾ ਇਹ ਜਤਨ ਵੀ ਕਾਮਯਾਬ ਨਾ ਹੋ ਸਕਿਆ।

ਕਲਕਤੇ ਦੀ ਇਕ ਧਨਾਢ ਵਿਧਵਾ ਰਾਣੀ ਰਾਸ਼ੀ ਮਣੀ ਨੇ ਕਲਕਤੇ ਦੇ ਉਤਰ ਵਲ ਗੰਗਾ ਦੇ ਘਾਟ ਤੇ ਕਾਲੀ ਮਾਈ ਦਾ ਇਕ ਮੰਦਰ ਲਖਾਂ ਰੁਪਏ ਖਰਚ ਕੇ ਬਣਾਇਆ। ਰਾਮ ਕੁਮਾਰ ਤੇ ਗਦਾਧਰ ਦੋਵੇਂ ਹੀ ਇਸ ਮੰਦਰ ਦੇ ਪੁਜਾਰੀ ਬਣ ਗਏ। ਇਥੇ ਹੀ ਇਕ ਦਖ ਬ੍ਰਾਹਮਣ ਜਾਤੀ ਦੇ ਭਗਤ ਮਾਨ ਪਾਸੋਂ ਗਦਾ ਧਰ ਨੂੰ ਦੀਖਿਆ ਦੁਆਈ ਗਈ ਤੇ ਇਸੇ ਦਿਨ ਤੋਂ ਗਦਾ ਧਰ ਦੀ ਆਤਮਕ ਉੱਨਤੀ ਦਾ ਮੁਢ ਬਝਾ। ਇਸ ਤੋਂ ਥੋੜੇ ਹੀ ਚਿਰ ਮਗਰੋਂ ਰਾਮ ਕਮਾਰ ਕਾਲ-ਵਸ ਹੋ ਗਿਆ, ਜਿਸਦਾ ਅਸਰ ਰਾਮ ਕ੍ਰਿਸ਼ਨ ਤੇ ਅਜਿਹਾ ਹੋਇਆ ਕਿ ਉਹ ਵੈਰਾਗੀ ਹੋ ਕਿ ਸਮਸ਼ਾਨ ਭੂਮੀ ਤੇ ਘਣੇ ਜੰਗਲਾਂ ਵਿਚ ਹੀ ਦਿਨ ਕਟੀ ਕਰਨ ਲਗ ਪਏ। ਜਦੋਂ ਕਿਸੇ ਮਿਤਰ ਨੇ ਉਨ੍ਹਾਂ ਤੋਂ ਉਨ੍ਹਾਂ ਦੀ ਏਸ ਵੈਰਾਗ ਮਈ ਦਿਸ਼ਾ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਉਤਰ ਵਜੋਂ ਆਖਿਆ, 'ਜਨਮ ਕਾਲ ਤੋਂ ਜੀਵ ਅਠ ਪ੍ਰਕਾਰ ਦੇ ਬੰਧਨਾਂ ਵਿਚ ਕੈਦ ਹੈ- ਘ੍ਰਿਣਾ, ਲਜਾ, ਕੁਲ, ਅਭਿਮਾਨ, ਵਿਦਿਆ ਅਭਿਮਾਨ, ਜ਼ਾਤੀ ਅਭਿਮਾਨ, ਭੈ, ਮੌਤ ਦਾ ਡਰ ਦੇਹ ਅਭਿਮਾਨ, ਇਹ ਅਠ ਬੰਧਨ ਹਨ। ਮੈਂ ਇਨ੍ਹਾਂ ਸਾਰਿਆਂ ਤੋਂ ਆਜ਼ਾਦ ਹੋ ਸਮਾਧੀ ਵਿਚ ਲੀਨ ਹੋਣਾ ਚਾਹੁੰਦਾ ਹਾਂ।" ਆਪ ਤੇ ਵੈਰਾਗ ਨੇ ਇਨਾਂ ਜ਼ੋਰ ਪਾਇਆ ਕਿ ਬਸਤਰ ਤਕ ਵੀ ਲਾਹ ਨਗਨ ਹੀ ਵਿਚਰਨ ਲਗ ਪਏ।

ਕੁਝ ਚਿਰ ਬਾਅਦ ਰਾਣੀ ਰਾਸ਼ੀ ਮਣੀ ਵੀ ਦੇਹ ਤਿਆਗ ਗਈ। ਹੁਣ ਉਸ ਦੀ ਸਾਰੀ ਸੰਪਤੀ ਦੇ ਵਾਰਸ ਮਥਰਾ ਬਾਬੂ ਬਣੇ। ਮਥਰਾ ਬਾਬੂ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਬੜੇ ਸ਼ਰਧਾਲੂ ਸਨ। ਉਹ ਉਨ੍ਹਾਂ ਨੂੰ ਕੁਝ ਦੌਲਤ ਦੇਣਾ ਚਾਹੁੰਦੇ

ਸਨ, ਪਰ ਨਾਮ ਕ੍ਰਿਸਨ ਜੀ ਨੇ ਲੈਣ ਤੋਂ ਇਨਕਾਰ ਕਰ ਦਿਤਾ। ਸਵਾਮੀ ਵਿਵੇਕਾ ਨੰਦ ਦੀ ਇਕ ਅਮਰੀਕਨ ਚੇਲੀ 'ਨਿਵੇਦਤਾ' ਨੇ ਹੇਠ ਲਿਖਿਆ ਪ੍ਰਸ਼ਨੋਤਰ ਆਪਣੀ ਅੰਗਰੇਜ਼ੀ ਦੀ ਇਕ ਪੁਸਤਕ ਵਿਚ ਦਿਤਾ ਹੈ:-

ਮਥਰਾ ਬਾਬੂ ਕੀ ਪ੍ਰਮਾਤਮਾ ਆਪਣੇ ਬਣਾਏ ਨੀਯਮਾਂ ਨੂੰ ਬਦਲ ਨਹੀਂ ਸਕਦਾ?

ਸ੍ਰੀ ਰਾਮ ਕ੍ਰਿਸ਼ਨ - ਜੋ ਪ੍ਰਮਾਤਮਾ ਨੀਯਮ ਘੜ ਸਕਦਾ ਹੈ, ਓਹ ਬਦਲ ਵੀ ਸਕਦਾ ਹੈ।

ਮਥਰਾ ਬਾਬੂ- ਕੀ ਪ੍ਰਮਾਤਮਾ ਲਾਲ ਫੁਲਾਂ ਵਾਲੀ ਵੇਲ ਵਿਚ ਚਿਟੇ ਫੁਲ ਉਗਾ ਸਕਦਾ ਹੈ ਤੇ ਤਬਦੀਲੀ ਲਿਆ ਸਕਦਾ ਹੈ?

ਰਾਮ ਕ੍ਰਿਸ਼ਨ-ਹਾਂ, ਓਹ ਸਭ ਕੁਝ ਕਰ ਸਕਦਾ ਹੈ।

ਦੂਜੇ ਦਿਨ ਹੀ ਸ੍ਰੀ ਰਾਮ ਕ੍ਰਿਸ਼ਨ ਨੇ ਮਥਰਾ ਬਾਬੂ ਨੂੰ ਫੁਲਾਂ ਦਾ ਇਕ ਬੂਟਾ ਲਿਆ ਦੇ ਦਿਖਾ ਦਿਖਾ, ਜਿਸ ਨਾਲ ਸੂਹੇ ਤੇ ਸਫੈਦ ਦੋਹਾਂ ਤਰ੍ਹਾਂ ਦੇ ਫੁਲ ਲਗੇ ਹੋਏ ਸਨ। ਇਹ ਜ਼ਿਕਰ ਸੰਨ 1855-58 ਦਾ ਹੈ। ਇਹ ਚਾਰ ਸਾਲ ਸ੍ਰੀ ਰਾਮ ਕ੍ਰਿਸ਼ਨ ਜੀ ਦੀ ਜੀਵਨੀ ਤੇ ਆਤਮਿਕ ਉੱਨਤੀ ਦੇ ਸਾਧਨਾਂ ਲਈ ਬੜਾ ਉਚਾ ਅਸਥਾਨ ਰਖਦੇ ਹਨ। ਓਹ ਕਈ ਵਾਰੀ ਸਾਧੂ ਸੰਤਾਂ ਦਾ ਜੂਠਾ ਵੀ ਖਾ ਲੈਂਦੇ ਸਨ।

ਕਹਿੰਦੇ ਨੇ ਰਾਮ ਕ੍ਰਿਸਨ ਦੀ ਮਸਤਾਨੀ ਹਾਲਤ ਵੇਖ ਕੇ ਮਥਰਾ ਬਾਬੂ ਉਨ੍ਹਾਂ ਦੀ ਪ੍ਰੀਖਿਆ ਹਿਤ ਇਕ ਵੇਰ ਉਨ੍ਹਾਂ ਨੂੰ ਚਕਲੇ ਵਿਚ ਹਿਕ ਵੇਸ਼ਵਾ ਪਾਸ ਛਡ ਕੇ ਆਪ ਬੜੀ ਤੇਜ਼ੀ ਨਾਲ ਬਾਹਿਰ ਆ ਗਏ। ਰਾਮ ਕ੍ਰਿਸਨ ਬੜੀ ਮਧਰ ਸੁਰ ਵਿਚ ਉਸਨੂੰ ਮਾਂ-ਮਾਂ ਆਖ ਕੇ ਉਚੀ-ਉਚੀ ਪੁਕਾਰਨ ਲਗ ਪਏ। ਇਹ ਕੌਤਕ ਵੇਖ ਕੇ ਵੇਸਵਾ ਆਪ ਦੇ ਚਰਨਾਂ ਤੇ ਡਿਗ ਪਈ, ਦੂਜੀਆਂ ਵੇਸ਼ਵਾਵਾਂ ਨੇ ਵੀ ਵੇਖ ਕੇ ਚਰਨ ਛੋਹੇ। ਮਥਰਾ ਬਾਬੂ ਇਹ ਸਭ ਕੁਝ ਵੇਖ ਕੇ ਹੈਰਾਨ ਹੋਏ ਤੇ ਉਨ੍ਹਾਂ ਦਾ ਵਿਸ਼ਵਾਸ ਹੁਣ ਦ੍ਰਿੜ ਹੋ ਗਿਆ।

ਉਨ੍ਹਾਂ ਦੀ ਮਾਤਾ ਚੰਦਰ ਮਣੀ ਤੇ ਰਾਮੇਸ਼੍ਵਰੀ ਨੂੰ ਜਦ 'ਗਦਾ-ਧਰ' ਦੀ ਏਸ ਮਸਤਾਨੀ ਹਾਲਤ ਦਾ ਪਤਾ ਲਗਾ, ਤਾਂ ਉਹ ਬੜੇ ਚਿੰਤਾਤੁਰ ਹੋਏ ਤੇ ਉਨ੍ਹਾਂ ਉਸਨੂੰ ਆਪਣੇ ਪਿੰਡ 'ਕਮਾਰ-ਪੁਕਰ' ਵਿਚ ਬੁਲਾ ਲਿਆ। ਪਿੰਡ ਦੇ ਲੋਕਾਂ ਨੇ ਸਮਝਿਆ, ਜੋ ਸ਼ਾਇਦ ਇਹ ਭੂਤਾਂ ਪ੍ਰੇਤਾਂ ਦੇ ਪ੍ਰਭਾਵ ਥਲੇ ਹਨ, ਉਨ੍ਹਾਂ ਨੇ ਝਾੜ ਫੂਕ ਲਈ ਮਾਂ ਨੂੰ ਪ੍ਰੇਰਿਆ। ਉਸ ਵਿਚਾਰੀ ਨੇ ਝਾੜ ਫੂਕ ਵੀ ਕਰਾਈ ਪਰ ਇਹ ਵੀ ਬੇ-ਅਸਰ ਹੀ ਰਹੀ।

ਪਰ ਪਿੰਡ ਵਿਚ ਰਹਿੰਦਿਆਂ ਕੁਝ ਚਿਰ ਮਗਰੋਂ ਆਪਣੇ ਆਪ ਹੀ ਰਾਮ ਕ੍ਰਿਸ਼ਨ ਦਾ ਦਿਲ ਲਗ ਗਿਆ। ਓਹ ਘਰ ਦਾ ਕੰਮ ਕਾਜ ਵੀ ਕਰਨ ਲਗ ਪਏ ਤੇ ਹਸਣ ਖੇਡਣ ਵੀ ਲਗ ਪਏ। ਕੁਦਰਤੀ ਤੌਰ ਤੇ ਇਸ ਤਬਦੀਲੀ ਨੇ ਮਾਂ ਦੇ ਦਿਲ ਵਿਚ ਖੁਸ਼ੀ ਦੀ ਲਹਿਰ ਛੇੜ ਦਿਤੀ। ਓਹ ਇਸ ਦੇ ਵਿਆਹ ਦੇ ਬੰਦੋਬਸਤ ਵਿਚ ਲਗ ਪਈ। ਪਹਿਲਾਂ ਤਾਂ ਰਾਮ ਕ੍ਰਿਸ਼ਨ ਦੀ ਮਸਤਾਨੀ ਹਾਲਤ ਵੇਖ ਕੇ ਕਿਸੇ ਨੇ ਹਾਂ ਨਾ ਕੀਤੀ, ਪਰ ਆਖਰ 'ਜੈ ਰਾਮ ਵਟੀ' ਨਾਂ ਦੇ ਇਕ ਲਾਗਲੇ ਪਿੰਡ ਦੇ ਬ੍ਰਾਹਮਣ ਰਾਮ ਚੰਦਰ ਉਪਾਧਿਆ ਨੇ ਆਪਣੀ ਲੜਕੀ ਸ਼ਾਰਦਾ ਮਣੀ ਦਾ ਰਿਸ਼ਤਾ ਦੇ ਦਿਤਾ ਤੇ ਥੋੜੇ ਹੀ ਦਿਨਾਂ ਵਿਚ ਵਿਆਹ ਵੀ ਹੋ ਗਿਆ।

ਵਿਆਹ ਭਰ ਗਰੀਬੀ ਦੀ ਹਾਲਤ ਵਿਚ ਹੋਇਆ ਸੀ। ਲੋਕਾਂ-ਚਾਰੀ ਨੂੰ ਰਖਣ ਲਈ ਚੰਦਰ ਮਣੀ ਨੇ ਗਵਾਂਢਣ ਦੇ ਗਹਿਣੇ ਮੰਗ ਦੇ ਦਾਜ ਵਿਚ ਢੋਏ ਸਨ। ਉਹ ਨਵੀਂ ਬਹੂਨੇ ਪਾਏ ਹੋਏ ਸਨ। ਗਵਾਂਢਣ ਨੂੰ ਮੋੜਨੇ ਵੀ ਜ਼ਰੂਰੀ ਸਨ। ਰਾਮਕ੍ਰਿਸ਼ਨ ਨੇ ਇਹ ਆਪਣੇ ਜ਼ਿਮੇਂ ਲੈ ਲਿਆ ਤੇ ਇਕ ਦਿਨ ਸੁਤੀ ਪਈ ਵਹੁਟੀ ਦੇ ਸਾਰੇ ਗਹਿਣੇ ਉਤਾਰ ਲਏ ਤੇ ਮਾਂ ਨੂੰ ਦੇ ਦਿਤੇ। ਗਵਾਂਢਣ ਨੂੰ ਗਹਿਣੇ ਤਾਂ ਵਾਪਸ ਕਰ ਦਿਤੇ ਗਏ, ਪਰ ਘਰ ਵਿਚ ਵਹੁਟੀ ਦੇ ਜਾਗਣ ਤੇ ਖੂਬ ਰੋਲਾ ਪਿਆ। ਮਾਂ ਨੇ ਨੂੰਹ ਨੂੰ ਪਿਆਰ ਨਾਲ ਸਮਝਾ ਬੁਝਾ ਦਿਤਾ ਤੇ ਢਾਰਸ ਦਿਤੀ ਕਿ ਤੇਰਾ ਪਤੀ ਛੇਤੀ ਹੀ ਕਮਾਈ ਕਰਕੇ ਤੈਨੂੰ ਗਹਿਣਿਆਂ ਨਾਲ ਲਦ ਦੇਵੇਗਾ। ਕਹਿੰਦੇ ਨੇ ਥੋੜੇ ਦਿਨਾਂ ਬਾਹਦ ਰਾਮ ਕ੍ਰਿਸ਼ਨ ਜੀ ਦਾ ਇਕ ਸ਼ਰਧਾਲੂਸੇਠ 3●●● ਰੁਪਏ ਦੀ ਭੇਟਾ ਲੈ ਕੇ ਸਵਾਮੀ ਜੀ ਨੂੰ ਦੇਣ ਲਈ ਆਇਆ। ਉਨ੍ਹਾਂ ਆਖਿਆ ਮੈਨੂੰ ਤਾਂ ਇਸ ਦੀ ਲੋੜ ਨਹੀਂ, ਤੁਸੀਂ ਸ਼ਾਰਦਾ ਮਣੀ ਨੂੰ ਇਹ ਗਹਿਣੇ-ਗਟੇ ਲਈ ਦੇ ਦਿਓ। ਪਰ ਜਦ ਦਵੇਂ ਉਸ ਨੂੰ ਇਹ ਭੇਟ ਦੇਣ ਲਈ ਗਏ ਤਾਂ ਉਸ ਨੇ ਉਤਰ ਦਿਤਾ 'ਮੇਰੇ ਸੁਾਮੀ, ਮੈਨੂੰ ਗਹਿਣਿਆ ਕਪੜਿਆ ਦੀ ਲੋੜ ਨਹੀਂ ਰਹੀ। ਮੈਂ ਰੁਪਿਆ ਲੈ ਕੇ ਕੀ ਕਰਨਾ ਹੈ?"

ਵਿਆਹ ਤੋਂ ਥੋੜ੍ਹੀ ਦੇਰ ਬਾਹਦ ਹੀ ਆਪ ਫਿਰ ਕਲਕਤੇ ਆ ਗਏ ਤੇ ਦਖਨੇਸ਼ਵਰ ਦੇ ਕਾਲੀ ਮਾਈ ਦੇ ਮੰਦਰ ਵਿਚ ਪੂਜਾ ਪਾਠ ਕਰਦੇ ਰਹੇ। ਉਨ੍ਹਾਂ ਦਿਨਾਂ ਵਿਚ ਦਖਨੇਸ਼ਵਰ ਵਿਚ ਇਕ 'ਯੋਗੇਸ਼ਵਰੀ' ਨਾ ਦੀ ਸੰਨਿਆਸਣ ਰਹਿੰਦੀ ਸੀ। ਉਸ ਨੇ ਗਦਾ-ਧਰ ਨੂੰ ਆਤਮ ਉਪਦੇਸ਼ ਦੇ ਨਾਲ ਨਾਲ ਵੈਸ਼ਨਵ ਤਾਂਤ੍ਰਿਕ ਗਰੰਥਾਂ ਦਾ ਵੀ ਚੰਗੀ ਤਰ੍ਹਾਂ ਪਠਨ ਪਾਠ ਕਰਵਾਇਆ। ਉਨ੍ਹਾਂ ਯੋਗੇਸ਼ਵਰੀ ਪਾਸੋਂ ਯਗ ਅਭਿਆਸ ਵੀ ਸਿਖ ਲਿਆ। ਇਸ ਯੋਗ ਅਭਿਆਸ ਦੇ ਕਰਨ ਨਾਲ ਆਪ ਦੀ ਦੇਹ ਅਰੋਗ ਤੇ ਸੁੰਦਰ ਹੋ ਗਈ। ਹੈ ਸਨ ਤਾਂ ਆਪ ਵੈਸ਼ਨਵ ਪਰ ਕਾਲੀ ਦੇਵੀ ਨੂੰ ਵੀ ਮੰਨਦੇ ਸਨ।

ਦਖਨੇਸ਼ਵਰ ਦਾ ਮੰਦਰ ਗੰਗਾ ਦੇ ਕੰਢੇ ਤੇ ਇਕ ਇਕਾਂਤ ਅਸਥਾਨ ਸੀ। ਵਡੀ ਗਲ ਇਹ ਸੀ ਕਿ ਇਹ ਗੰਗਾ ਸਾਗਰ ਤੇ ਰਾਮੇਸ਼ਵਰ ਆਦਿ ਤੀਰਥਾਂ ਦੇ ਐਨ ਰਸਤੇ ਵਿਚ ਪੈਂਦਾ ਸੀ, ਇਸ ਲਈ ਯਾਤਰੀ ਸਾਧਾਂ ਸੰਤਾਂ ਲਈ ਇਕ ਚੰਗਾ ਟਿਕਣਾ ਬਣਿਆ ਹੋਇਆ ਸੀ ਤੇ ਨਿਤ ਨਵੇਂ ਇਥੇ ਕੋਈ ਨਾ ਕੋਈ ਚੰਗਾ ਸਾਧੂਆਇਆ ਹੀ ਰਹਿੰਦਾ ਸੀ। ਇਕ ਦਿਨ ਇਕ ਪੰਜਾਬੀ ਸੰਨਿਆਸੀ ਸਾਧੂਮਹਾਤਮਾ ਤੋਤਾ ਪੁਰੀ, ਜੋ ਬਚਪਨ ਵਿਚ ਸਾਧੂਬਣ ਕੇ ਮਹੰਤ ਬਣੇ ਸਨ, ਦਖਨੇਸ਼ਵਰ ਵਿਚ ਆਏ। ਇਨ੍ਹਾਂ ਦੀ ਸੰਗਤ ਨੇ ਗਦਾ-ਧਰ ਨੂੰ ਬੜਾ ਪ੍ਰਭਾਵਤ ਕੀਤਾ ਤੇ ਆਖਰ ਇਨਾਂ ਨੇ ਉਸ ਤੋਂ ਦੀਖਿਆ ਲੈ ਕੇ ਸੰਨਿਆਸ ਧਾਰਨ ਕਰ ਲਿਆ ਤੇ ਇਸੇ ਦਿਨ ਤੋਂ ਹੀ ਆਪ ਦਾ ਨਾਮ 'ਗਦਾ-ਧਰ' ਤੋਂ ਬਦਲ ਕੇ 'ਰਾਮ-ਕ੍ਰਿਸ਼ਨ' ਰਖਿਆ ਗਿਆ। ਕੁਝ ਚਿਰ ਤਕ ਮਹਾਤਮਾ ਤੋਤਾ ਪੁਰੀ ਜੀ ਦਖਨੇਸ਼ਵਰ ਵਿਚ ਹੀ ਰਹੇ ਤੇ ਸ੍ਰੀ ਰਾਮ ਕ੍ਰਿਸ਼ਨ ਜੀ ਨੂੰ ਆਤਮ ਉਪਦੇਸ਼ ਕਰਦੇ ਰਹੇ। ਜਦ ਓਹ ਚਲੇ ਗਏ ਤਾਂ ਰਾਮ ਕ੍ਰਿਸ਼ਨ ਬੀਮਾਰ ਹੋ ਗਏ ਪਰ ਫੇਰ ਛੇਤੀ ਹੀ ਰਾਜ਼ੀ ਵੀ ਹੋ ਗਏ।

ਹੁਣ ਦਿਨੋ ਦਿਨ ਆਪ ਦੀ ਆਤਮਕ ਅਵਸਥਾ ਉਚੀ ਹੁੰਦੀ ਗਈ ਤੇ ਹੁਣ ਓਹ ਇਸ ਬ੍ਰਿਤੀ ਦੇ ਮਾਲਕ ਹੋ ਗਏ ਕਿ ਹਰ ਮਜ਼ੂਬ ਦੇ ਸਜਨ ਉਹਨਾਂ ਨੂੰ ਪਿਆਰੇ ਲਗਣ ਲਗ ਪਏ ਸਨ। ਉਹਨਾਂ ਦਿਨਾਂ ਵਿਚ ਆਪ ਖੁਲ੍ਹੇ ਡੁਲ੍ਹੇ

ਈਸਾਈ ਪਾਦਰੀ ਤੇ ਮੁਸਲਮਾਨਾਂ ਫਕੀਰਾਂ ਨੂੰ ਮਿਲਦੇ ਮਿਲਾਂਦੇ ਸਨ ਤੇ ਉਹਨਾਂ ਦੇ ਧਰਮ ਅਸੂਲਾਂ ਨੂੰ ਸਮਝਣ ਦਾ ਯਤਨ ਕਰਦੇ ਸਨ। ਉਹਨਾਂ ਨੂੰ ਅਨਮਤਾਂ ਦੀ ਵੀ ਖਾਸੀ ਵਾਕਫੀਅਤ ਹੋ ਚੁਕੀ ਸੀ। ਆਪ ਬਚਿਆਂ ਨਾਲ ਵੀ ਬੜਾ ਪਿਆਰ ਕਰਦੇ ਸਨ। ਮੰਦਰ ਦੇ ਆਲੇ ਦੁਆਲੇ ਝਾੜੂਦੀ ਦੇਂਦੇ ਸਨ ਤੇ ਸੰਤਾਂ ਸਾਧੂਆਂ ਦਾ ਸ਼ੀਤ ਪ੍ਰਸ਼ਾਦ ਵੀ ਕਈ ਵਾਰ ਛਕ ਲੈਂਦੇ ਸਨ।

ਅਪ੍ਰੈਲ 1874 ਵਿਚ ਆਪ ਦੀ ਪਤਨੀ 'ਸ਼ਾਰਦਾ ਮਣੀ' ਆਪ ਨੂੰ ਮਿਲਣ ਲਈ ਕਲਕਤੇ ਆਈ। ਉਸ ਦੇ ਜੀਵਨ ਤੇ ਵੀ ਆਪਣੇ ਸੰਨਿਆਸੀ ਪਤੀ ਦੇ ਜੀਵਨ ਦਾ ਚੰਗਾ ਪ੍ਰਭਾਵ ਪਿਆ। ਕੁਝ ਚਿਰ ਕਲਕਤੇ ਰਹਿ ਕੇ ਉਹ ਮੁੜ ਆਪਣੇ ਪਿੰਡ ਵਾਪਸ ਚਲੀ ਗਈ। ਇਸ ਵੇਲੇ ਸਵਾਮੀ ਜੀ ਦੀ ਪ੍ਰਸਿਧਤਾ ਕਾਫੀ ਵਧ ਚੁਕੀ ਸੀ, ਪਰ ਆਪ ਉਸੇ ਤਰ੍ਹਾਂ ਨਿਰਮਾਣ ਸਨ। ਉਨ੍ਹਾਂ ਦੇ ਦਿਲ ਵਿਚ ਇਹ ਕਦੇ ਵੀ ਨਹੀਂ ਸੀ ਆਇਆ ਕਿ ਲੋਕੀ ਉਨ੍ਹਾਂ ਪਾਸ ਚਲ ਕੇ ਆਉਣ ਸਗੋਂ ਜਿਥੇ-ਕਿਥੇ ਵੀ ਇਨ੍ਹਾਂ ਨੂੰ ਕਿਸੇ ਚੰਗੇ ਸਾਧੂਦੀ ਦਸ ਪੈਂਦੀ ਸੀ, ਆਪ ਤਤ ਛਿੰਨ ਉਥੇ ਪਹੁੰਚ ਜਾਂਦੇ ਸਨ।

ਬ੍ਰਹਮੂਸਮਾਜ ਦੇ ਮੁਖੀ ਕੇਸ਼ਬ ਚੰਦਰ ਸੈਨ 1875 ਵਿਚ ਇਕ ਵੇਰ ਦਖਨੇਸ਼ਵਰ ਦੇ ਨੇੜੇ ਇਕ ਥਾਂ ਤੇ ਗਏ। ਪਤਾ ਲਗਣ ਤੇ ਸ੍ਰੀ ਰਾਮ ਕ੍ਰਿਸ਼ਨ ਜੀ ਵੀ ਉਨ੍ਹਾਂ ਨੂੰ ਮਿਲਣ ਲਈ ਗਏ ਤੇ ਬੜੇ ਆਦਰ ਸਤਿਕਾਰ ਨਾਲ ਪੁਛਿਆ, "ਮੈਂ ਸੁਣਿਆ ਹੈ ਤੁਹਾਨੂੰ ਈਸ਼ਵਰ ਦੇ ਪ੍ਰਤੱਖ ਦਰਸ਼ਨ ਹੋਏ ਹਨ? ਪੇਸ਼ਤਰ ਇਸ ਦੇ ਕਿ ਕੇਸ਼ਬ ਚੰਦਰ ਕੁਝ ਉਤਰ ਦੇਂਦੇ, ਉਨ੍ਹਾਂ ਦੀ ਅਡੋਲ ਸਮਾਧੀ ਲਗ ਗਈ ਤੇ ਕਿੰਨਾ ਚਿਰ ਉਸ ਮਗਨਤਾ ਦੀ ਹਾਲਤ ਵਿਚ ਹੀ ਰਹੇ। ਦਰਸ਼ਕਾਂ ਪੁਰ ਆਪ ਦੇ ਏਸ ਈਸ਼ਵਰ ਪ੍ਰੇਮ ਦਾ ਅਸਚਰਜ ਤੇ ਡੂੰਘਾ ਅਸਰ ਹੋਇਆ। ਇਸ ਤੋਂ ਮਗਰੋਂ ਇਕ ਵੇਰ ਫੇਰ ਉਹ ਕਿਸੇ ਬ੍ਰਹਮੂਸਮਾਜ ਦੇ ਜਲਸੇ ਵਿਚ ਗਏ। ਪ੍ਰਾਰਥਨਾ ਸਮੇਂ ਇਹ ਵੀ ਨਾਲ ਸ਼ਾਮਲ ਹੋਏ। ਪ੍ਰਾਰਥਨਾ ਦੇ ਸਮੇਂ ਬਹੁਤ ਸਾਰੇ ਲੋਕ ਅੱਖਾਂ ਮੀਟ ਕੇ ਚੁਪ ਬੈਠੇ ਸਨ। ਪ੍ਰਾਰਥਨਾ ਸਬੰਧੀ, ਕੀ ਰਾਏ ਹੈ? ਆਪ ਨੇ ਹਸ ਕੇ ਉਤਰ ਦਿਤਾ, "ਜਿਵੇਂ ਸਵੇਰ ਦੇ ਸਮੇਂ ਬਾਦਰ ਬੜੀ ਸ਼ਾਂਤੀ ਨਾਲ ਚੁਪ ਚਾਪ ਕਰਕੇ ਬੈਠ ਜਾਂਦੇ ਹਨ। ਪਰ ਸੋਚਦੇ ਇਹੀ ਹਨ ਕਿ ਅਗਲੇ ਬਗੀਚੇ ਵਿਚੋਂ ਫਲ ਤੋੜਾਂਗੇ ਤੇ ਚੁਰਾ ਕੇ ਖਾਵਾਂਗੇ, ਇਸੇ ਤਰ੍ਹਾਂ ਇਹ ਲੋਕ ਹਨ। ਉਪਰੋਂ ਤਾਂ ਧਿਆਨ ਮਗਨ ਤੇ ਸ਼ਾਂਤ ਵਖਾਈ ਦੇਂਦੇ ਹਨ, ਪਰ ਇਹਨਾਂ ਦੇ ਮਨ ਵਿਚ ਇਹੋ ਖੁਤ-ਖੁਤੀ ਲਗੀ ਹੋਈ ਹੈ ਕਿ ਕਿਸ ਢੰਗ ਨਾਲ ਧੰਨ ਕਮਾਈਏ।" ਆਪ ਦੇ ਨਿਰਮਲ ਹੋਏ ਹਿਰਦੇ ਵਿਚੋਂ ਨਿਕਲੇ ਬਚਨਾਂ ਦਾ ਕਿਸੇ ਨੇ ਵੀ ਬੁਰਾ ਨਾ ਮਨਾਇਆ।

ਆਪ ਜੀ ਦੇ ਜੀਵਨ ਵਿਚ ਅਜੀਬ ਚੁੰਬਕ ਸ਼ਕਤੀ ਸੀ। ਵਡੇ ਵਡੇ ਨਾਸਤਕ ਇਨ੍ਹਾਂ ਦੀ ਸੰਗਤ ਤੋਂ ਪ੍ਰਭਾਵਤ ਹੋ ਕੇ ਮਹਾਂਪੁਰਸ਼ ਬਣ ਗਏ।

ਡਾਕਟਰ ਰਾਮ ਚੰਦਰ ਦਤ ਤੇ ਉਸਦਾ ਇਕ ਸਬੰਧੀ ਸੁਰੇਂਦਰ, ਨਾਸਤਕ ਵੀ ਸਨ ਤੇ ਸ਼ਰਾਬੀ ਵੀ, ਪਰ ਦਖਨੇਸ਼ਵਰ ਵਿਚ ਆਪ ਦੀ ਸੰਗਤ ਕਰਕੇ ਈਸ਼ਵਰ ਭਗਤ ਤੇ ਨੇਕ ਬਣ ਗਏ।

188● ਵਿਚ ਬੰਗਾਲ ਦੇ ਇਕ ਪ੍ਰਸਿਧ ਧਨੀ ਦਾ ਪੁਤਰ ਰਾਖਾਲ ਚੰਦਰ ਘੋਸ਼ ਆਪ ਦੀ ਸੰਗਤ ਕਰਕੇ ਆਪ ਤੇ ਇਤਨਾ ਮੋਹਿਤ ਹੋਇਆ ਕਿ ਇਨ੍ਹਾਂ ਦੇ ਪਾਸ ਹੀ ਰਹਿਣ ਲਗ ਪਿਆ ਸੀ। ਬਾਹਦ ਵਿਚ ਇਹੀ ਸਵਾਮੀ ਬ੍ਰਹਮਾ ਨੰਦ ਦੇ ਨਾਮ ਤੋਂ ਪ੍ਰਸਿਧ ਹੋਇਆ। ਏਹੀ ਸ੍ਰੀ ਰਾਮ ਕ੍ਰਿਸ਼ਨ ਮਿਸ਼ਨ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ।

ਸੂਬਾ ਬਿਹਾਰ ਦਾ ਲਾਟੂਨਾਮ ਦਾ ਇਕ ਸਜਨ ਆਪ ਦੀ ਸੰਗਤ ਕਰਕੇ ਬੜਾ ਕਰਨੀ ਵਾਲਾ ਸਿਧ ਪੁਰਖ ਹੋ ਗਿਆ।

188● ਵਿਚ ਹੀ ਕਲਕਤੇ ਦੇ ਇਕ ਹਾਈਕੋਰਟ ਦੇ ਵਕੀਲ ਦਾ ਲੜਕਾ ਜਿਸ ਦਾ ਨਾਮ ਨਰਿੰਦਰ ਸੀ ਤੇ ਜੋ ਐਫ਼ ਏ. ਵਿਚ ਪੜ੍ਹਦਾ ਸੀ, ਆਪ ਨੂੰ ਮਿਲਿਆ ਤੇ ਪੁਛਨ ਲਗਾ, "ਕਿਉਂ ਜੀ? ਆਪ ਨੇ ਈਸ਼ਵਰ ਦੇ ਦਰਸ਼ਨ ਕੀਤੇ ਹਨ?" ਤਾਂ ਆਪ ਨੇ ਉਤਰ ਦਿਤਾ, "ਜੀ ਹਾਂ ਕੀਤੇ ਹਨ," ਉਸ ਨੇ ਫਿਰ ਕਿਹਾ, "ਕੀ ਮੈਨੂੰ ਵੀ ਉਹ ਦਰਸ਼ਨ ਕਰਾ ਸਕਦੇ ਹੋ?" ਸ੍ਰੀ ਰਾਮ ਕ੍ਰਿਸ਼ਨ ਜੀ ਦਾ ਉਤਰ ਇਸ ਕਦਰ ਗੰਭੀਰ ਤੇ ਸੂਝ-ਬੂਝ ਵਾਲਾ ਸੀ ਕਿ ਜਿਸ ਨੂੰ ਸੁਣ ਕੇ ਨਵ-ਪੜ੍ਹੇ ਅੰਗਰੇਜ਼ੀ ਦਾ ਸਾਰਾ ਨਸ਼ਾ ਟੁਟ ਗਿਆ। ਕੁਝ ਚਿਰ ਆਪ ਦੀ ਸਤ-ਸੰਗਤ ਕਰਨ ਮਗਰੋਂ ਇਹੀ ਨਰੇਂਦਰ 'ਸਵਾਮੀ ਵਿਵੇਕਾ ਨੰਦ' ਦੇ ਨਾਮ ਤੋਂ ਪ੍ਰਸਿਧ ਹੋਇਆ।

ਇਸੇ ਤਰ੍ਹਾਂ ਹੋਰ ਕਈਆਂ ਦੇ ਜੀਵਨ ਆਪ ਦੀ ਸੰਗਤ ਦੇ ਪ੍ਰਭਾਵ ਹੇਠਾਂ ਬਦਲ ਗਏ। ਹੇਠ ਲਿਖੇ ਸਜਨਾਂ ਦੇ ਨਾਮ ਜੋ ਆਪ ਦੇ ਡੂੰਘੇ ਪ੍ਰਭਾਵ ਥਲੇ ਆਏ ਵਰਨਣ ਯੋਗ ਹਨ:

ਮਹੇਂਦਰ ਨਾਥ ਗੁਪਤਾ, ਈਸ਼ਵਰ ਚੰਦਰ ਵਿਦਿਆ ਸਾਗਰ, ਪ੍ਰਸਿਧ ਪੰਡਤ ਸ਼ਸ਼ਾਧਰ ਤਰਕ ਚੂੜਾ ਮਣੀ, ਗਿਰੀਸ ਚੰਦਰ ਘੋਸ, ਦੁਰਗਾ ਚਰਣ ਆਦਿਕ।

ਸੰਨ 1885 ਦੀਆਂ ਗਰਮੀਆਂ ਵਿਚ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਕੰਠ ਵਿਚ ਦਰਦ ਹੋ ਗਿਆ। ਕਲਕੱਤੇ ਵਿਚ ਕਾਫੀ ਇਲਾਜ ਕਰਾਇਆ ਗਿਆ, ਪਰ ਕੋਈ ਆਰਾਮ ਨਾਂ ਆਇਆ। ਫਿਰ ਡਾਕਟਰੀ ਰਾਏ ਅਨੁਸਾਰ ਆਪ ਨੂੰ ਹਵਾ ਪਾਣੀ ਦੀ ਤਬਦੀਲੀ ਲਈ 11 ਦਸੰਬਰ 1885 ਨੂੰ ਕਾਸ਼ੀ ਪੁਰ ਲਿਜਾਇਆ ਗਿਆ ਪਰ ਰੋਗ ਨੇ ਉਥੇ ਜਾ ਕੇ ਵੀ ਖਹਿੜਾ ਨਾ ਛਡਿਆ। ਅੰਤ 15 ਅਗਸਤ 1886 ਨੂੰਆਪ ਨੂੰ ਧੁਰੋਂ ਬੁਲਾਵਾ ਆ ਗਿਆ ਤੇ ਆਪ ਦੀ ਆਤਮ ਸਰੀਰਕ ਜਾਮਾ ਤਿਆਗ ਉਡਾਰੀ ਲਾ ਗਈ।

ਢੇਰ ਚਿਰ ਗ੍ਰਹਿਸਤੀ ਰਹਿਣ ਦੇ ਬਾਵਜੂਦ ਵੀ ਆਪ ਨਿਰ ਸੰਤਾਨ ਹੀ ਰਹੇ, ਪਰ ਆਪ ਦੀ ਸਾਦਗੀ, ਪਵਿਤਰਤਾ ਤੇ ਭਗਤੀ ਭਾਵ ਨੇ ਕਈਆਂ ਦਾ ਜੀਵਨ ਸੁਧਾਰ ਦਿਤਾ।

ਮਿਸ਼ਨ ਦਾ ਪ੍ਰਚਾਰ

ਜਿਹਾ ਕਿ ਉਪਰ ਦਸਿਆ ਜਾ ਚੁਕਾ ਹੈ, ਸਵਾਮੀ ਵਿਵੇਕਾ ਨੰਦ ਜੀ ਆਪ ਦੇ ਪ੍ਰਸਿਧ ਚੇਲੇ ਸਨ। 23 ਸਾਲ ਦੀ ਭਰ ਜਵਾਨੀ ਵਿਚ ਨਰੇਂਦਰ ਨਾਂ ਦੇ ਇਕ ਵਕੀਲ ਜ਼ਾਦੇ ਨੇ ਸੰਨਿਆਸ ਧਾਰਨ ਕਰਕੇ ਪ੍ਰਮ ਹੰਸ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਦੇਹਾਂਤ ਮਗਰੋਂ ਦੇਸ਼-ਦੇਸ਼ਾਂਤਰਾਂ ਦਾ ਰਟਨ ਕੀਤਾ। ਅਮਰੀਕਾ ਵਿਚ ਸ਼ਿਕਾਗੋ ਦੇ ਸਰਬ ਧਰਮ ਸਮੇਲਨ ਤੇ ਹੋਰ ਕਈ ਥਾਵਾਂ ਤੇ ਲਗ ਭਗ ਇਕ ਹਜ਼ਾਰ ਭਾਸ਼ਨ ਦਿਤੇ ਤੇ ਮਿਸ਼ਨ ਦਾ ਪੁਰ ਜ਼ੋਰ ਪ੍ਰਚਾਰ ਕੀਤਾ, ਵੇਦਾਂਤ ਸੁਸਾਇਟੀ ਕਾਇਮ ਕੀਤੀ ਤੇ 1897 ਵਿਚ ਰਾਮਾ ਕ੍ਰਿਸ਼ਨ ਕਾਇਮ ਕੀਤਾ।

ਕਲਕਤੇ ਦੇ ਨੇੜੇ ਆਲਮ ਬਾਜ਼ਾਰ ਵਿਚ 1886 ਵਿਚ ਇਕ ਮਠ ਵੀ ਕਾਇਮ ਕੀਤਾ ਕਿਹਾ ਜਾਂਦਾ ਹੈ ਕਿ ਇਕ ਅਮਰੀਕਨ ਨੇ ਸਵਾਮੀ ਵਿਵੇਕਾ ਨੰਦ ਜੀ ਨੂੰ ਪੁਛਿਆ, "ਮੈਂ ਸੁਣਿਆ ਹੈ ਕਿ ਹਿੰਦਸਤਾਨੀ ਮੂਰਤੀ ਪੂਜਕ ਹਨ?" ਉਤਰ ਵਿਚ ਆਪ ਨੇ ਆਖਿਆ-ਤੁਸੀਂ ਸ਼ਰਾਬ, ਇਸਤ੍ਰੀ ਤੇ ਦੌਲਤ (Wine, Women & Wealth) ਦੇ ਪੁਜਾਰੀ ਹੋ।

ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਸਾਮਲ ਹੋਣ ਵਾਲੇ ਸਾਧੂਚੰਗੇ ਪੜੇ ਲਿਖੇ, ਵਿਦਵਾਨ ਤੇ ਗਰੇਜੂਏਟ ਹੁੰਦੇ ਹਨ। ਜਿਥੇ ਇਹ ਭਾਰਤ ਵਿਚ ਥਾਂ ਪਰ ਥਾਂ ਰਟਨ ਕਰਕੇ ਧਾਰਮਕ ਵਿਚਾਰ ਤੇ ਭਾਈਚਾਰਕ ਸੁਧਾਰ ਕਰਦੇ ਹਨ, ਉਥੇ ਪ੍ਰਦੇਸਾਂ ਵਿਚ ਪੁਜ ਕੇ ਵੀ ਪਰਚਾਰ ਕਰਦੇ ਹਨ। ਅਮਰੀਕਾ, ਇਟਲੀ, ਇੰਗਲੈਂਡ ਆਦਿ ਥਾਵਾਂ ਤੇ ਇਸ ਮਿਸ਼ਨ ਦੇ ਪ੍ਰਚਾਰਕ ਪੁਜੇ ਹੋਏ ਹਨ ਤੇ ਪੁਜਦੇ ਰਹਿੰਦੇ ਹਨ। ਇਹ ਕੋਈ ਨਿਜੀ ਜਾਇਦਾਦ ਨਹੀਂ ਬਣਾਉਂਦੇ। ਇਸ ਮਿਸ਼ਨ ਦੇ ਸੰਨਿਆਸੀ ਸਾਧੂਬੜਾ ਕੰਮ ਕਰਦੇ ਹਨ।

ਇਸ ਮਤ ਦੇ ਮੁਖ ਸਿਧਾਂਤ ਇਹ ਹਨ :

(1) ਗਿਆਨ ਦੇਣ ਵਿੱਚ ਕਦੇ ਅਧੀਰ ਨਾ ਹੋਵੇ।

(2) ਸਭ ਤੋਂ ਪਹਿਲਾਂ ਗਿਆਨ ਆਪ ਪ੍ਰਾਪਤ ਕਰੋ।

(3) ਈਸ਼ਵਰ ਦੇ ਰੂਪ ਤੇ ਗੁਣਾਂ ਸਬੰਧੀ ਝਗੜੇ ਵਿਚ ਨਾ ਪਵੋ।

(4) ਭਜਨ ਕਰੋ।

(5) ਵਾਹਿਗੁਰੂਦੇ ਸਾਹਮਣੇ ਆਪਣਾ ਦਿਲ ਖੋਹਲ ਦੇ ਰਖ ਦਿਓ। ਉਸਦਾ ਦੈਵੀ ਪ੍ਰਕਾਸ਼ ਤੁਹਾਨੂੰ ਪਵਿਤਰ ਕਰੇਗਾ।

(6) ਕਿਸੇ ਮਤ ਜਾਂ ਮੰਦਰ ਦੀ ਪਰਵਾਹ ਨਾ ਕਰੋ, ਸਭ ਦਾ ਮੂਲ ਸਚ ਹੀ ਹੈ। ਮਨੁੱਖ ਜਿਤਨਾ ਇਸ ਨੂੰ ਵਧੇਰੇ ਪ੍ਰਾਪਤ ਕਰ ਸਕੇ ਉਤਨਾ ਹੀ ਚੰਗਾ ਹੈ।

(7) ਕਿਸੇ ਮਤ ਤੇ ਹਮਲਾ ਨਾ ਕਰੋ ਕਿਉਂਕਿ ਹਰੇਕ ਮਤ ਵਿਚ ਕੁਝ ਨਾ ਕੁਝ ਸਚਾਈ ਜ਼ਰੂਰ ਹੁੰਦੀ ਹੈ। ਧਰਮ ਦਾ ਅਰਥ ਕੇਵਲ ਕਹਿਣ ਮਾਤਰ ਜਾਂ ਮਤਾਂ ਦਾ ਸਮੁਦਾਇ ਨਹੀਂ, ਸਗੋਂ ਆਤਮਿਕ ਉਨਤੀ ਕਰਨੀ ਤੇ ਉਸ ਵਿਚ ਟਿਕਣਾ ਹੀ ਧਰਮ ਹੈ। ਇਸ ਗਲ ਨੂੰ ਆਪਣੇ ਜੀਵਨ ਵਿਚ ਸਾਬਤ ਕਰ ਦਿਓ।

(8) ਵੇਦ ਸਾਸ਼ਤਰਾਂ ਦੀ ਸਿਖਿਆ ਦਾ ਪਾਲਨ ਕਰੋ। ਇਸ ਮਿਸ਼ਨ ਦਾ ਵਧੇਰੇ ਅਸਰ ਬੰਗਾਲ ਵਿਚ ਹੀ ਪਿਆ ਹੈ। 1956-60 ਵਿਚ ਦਖਣੀ ਕਲਕਤੇ ਵਿਚ ਮਿਸ਼ਨ ਵਲੋਂ ਇਨਟੀਚਯੂਟ ਆਫ ਕਲਚਰ ਬਣਾਇਆ ਗਿਆ ਹੈ। ਕਲਕਤੇ ਤੇ ਕਈ ਹੋਰ ਥਾਵਾਂ ਤੇ ਏਸ ਮਿਸ਼ਨ ਦੇ ਕਈ ਸਕੂਲ, ਕਾਲਿਜ, ਹਸਪਤਾਲ ਅਤੇ ਆਸ਼ਰਮ ਹਨ।


ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882